
23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਅਦਾਰਾ 'ਦੇਸ਼ ਦੁਆਬਾ' ਦਾ ਸਨਿਮਰ ਪ੍ਰਣਾਮ।

ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 50
March 27, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਮਹਾਂਰਿਸ਼ੀ ਵਾਲਮੀਕ ਟੈਂਪਲ ਦਾ ਤੀਸਰਾ ਸਥਾਪਨਾ ਦਿਵਸ ਮਨਾਇਆ ਗਿਆ।
(ਰਿਪੋਰਟ ਦੇਖੋ ਸਫਾ 4 'ਤੇ ਅਤੇ ਤਸਵੀਰਾਂ ਦੇਖੋ ਸਫਾ 12-13 'ਤੇ)

# ਮੈਕਸੀਕੋ ਸਰਹੱਦ 'ਤੇ ਕੰਧ ਲਈ ਇਕ ਅਰਬ ਡਾਲਰ ਮਨਜ਼ੂਰ

**ਵਾਸ਼ਿੰਗਟਨ (ਬਿਊਰੋ)–** ਮੈਕਸੀਕੋ ਨਾਲ ਲੱਗਦੀ ਅਮਰੀਕੀ ਸਰਹੱਦ 'ਤੇ ਕੰਧ ਖੜ੍ਹੀ ਕਰਨ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਯੋਜਨਾ ਲਈ ਸੋਮਵਾਰ ਨੂੰ ਇਕ ਅਰਬ ਡਾਲਰ (ਕਰੀਬ 6,800 ਕਰੋੜ ਰੁਪਏ) ਦੀ ਰਕਮ ਮਨਜ਼ੂਰ ਕੀਤੀ ਗਈ। ਟਰੰਪ ਦੇ ਰਾਸ਼ਟਰੀ ਐਮਰਜੈਂਸੀ ਤਹਿਤ ਫੰਡ ਦੀ ਇਹ ਪਹਿਲੀ ਕਿਸ਼ਤ ਹੈ। ਇਸ ਲਈ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਦੇ ਕਾਰਜਕਾਰੀ ਮੁਖੀ ਪੈਟ੍ਰਿਕ ਸ਼ਾਨਹਾਨ ਨੂੰ ਅਧਿਕਾਰਤ ਕੀਤਾ ਗਿਆ ਹੈ। ਪੈਂਟਾਗਨ ਨੇ ਅਮਰੀਕੀ ਸੰਸਦ ਨੂੰ ਇਸ ਦੀ ਜਾਣਕਾਰੀ ਦਿੱਤੀ ਹੈ।



ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਪੈਂਟਾਗਨ ਨੂੰ 92 ਕਿਲੋਮੀਟਰ ਤਕ 18 ਫੀਟ ਉੱਚੀ ਕੰਧ ਬਣਾਉਣ ਅਤੇ ਸਰਹੱਦ 'ਤੇ ਸੜਕਾਂ ਨੂੰ ਸੁਧਾਰਨ ਅਤੇ ਰੋਸ਼ਨੀ ਦੀ ਉਚਿਤ ਵਿਵਸਥਾ ਕਰਨ ਲਈ ਕਿਹਾ ਹੈ। ਪੈਂਟਾਗਨ ਨੇ ਕਿਹਾ, 'ਸ਼ਾਨਹਾਨ ਨੇ ਅਮਰੀਕੀ ਆਰਮੀ ਕੋਰ ਆਫ ਇੰਜੀਨੀਅਰਸ ਦੇ ਕਮਾਂਡਰ ਨੂੰ ਗ੍ਰਹਿ ਸੁਰੱਖਿਆ ਵਿਭਾਗ, ਕਸਟਮ ਅਤੇ ਸਰਹੱਦ ਗਸ਼ਤ ਵਿਭਾਗ ਦੀ ਮਦਦ ਲਈ ਇਕ ਅਰਬ ਡਾਲਰ ਦੀ ਯੋਜਨਾ ਤਿਆਰ ਕਰਨ ਲਈ ਕਿਹਾ ਹੈ।'

**ਟਰੰਪ ਨੇ ਕੀਤਾ ਸੀ ਐਮਰਜੈਂਸੀ ਦਾ ਐਲਾਨ**

ਟਰੰਪ ਨੇ ਸ਼ਰਨਾਰਥੀਆਂ ਨੂੰ ਅਮਰੀਕਾ 'ਚ ਨਾਜਾਇਜ਼ ਰੂਪ ਨਾਲ ਦਾਖ਼ਲ ਹੋਣ ਤੋਂ ਰੋਕਣ ਲਈ ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਲਈ ਸੰਸਦ ਤੋਂ 5.7 ਅਰਬ ਡਾਲਰ ਦਾ ਬਜਟ ਮੰਗਿਆ ਸੀ ਪਰ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ 'ਚ ਇਸ ਸਾਲ ਬਹੁਮਤ 'ਚ ਆਏ ਵਿਰੋਧੀ ਡੈਮੋਕ੍ਰੇਟ ਸੰਸਦ ਮੈਂਬਰਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੇ ਬਾਅਦ 15 ਫਰਵਰੀ ਨੂੰ ਟਰੰਪ ਨੇ ਸੰਸਦ ਦੀ ਮਨਜ਼ੂਰੀ ਦੇ ਬਗੈਰ ਰਾਸ਼ੀ ਦਾ ਇੰਤਜ਼ਾਮ ਕਰਨ ਲਈ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਸੀ। ਇਸੇ ਤਹਿਤ ਨਿਰਮਾਣ ਰਾਸ਼ੀ ਦੀ ਇਹ ਪਹਿਲੀ ਕਿਸ਼ਤ ਮਨਜ਼ੂਰ ਕੀਤੀ ਗਈ ਹੈ।

# ਲੋਕ ਸਭਾਂ ਚੋਣਾਂ ਵਿਚ ਇਸ ਵਾਰ ਔਰਤਾਂ ਦੀ ਹੋਵੇਗੀ ਅਹਿਮ ਭੂਮਿਕਾ

**ਨਿਊਯਾਰਕ (ਬਿਊਰੋ)–** ਭਾਰਤ ਵਿਚ ਇਸ ਵਾਰ ਦੀਆਂ ਚੋਣਾਂ 'ਚ ਮਹਿਲਾ ਵੋਟਰਾਂ ਦੀ ਅਹਿਮ ਭੂਮਿਕਾ ਹੋਣ ਜਾ ਰਹੀ ਹੈ ਮਹਿਲਾ ਵੋਟਰਾਂ ਦੇ ਹੋਣ ਤੋਂ ਬਿਹਤਰ ਲਿੰਗ ਸਮਾਵੇਸ਼ੀ ਕਾਨੂੰਨ ਤੇ ਨੀਤੀਆਂ ਬਣਨਗੀਆਂ। ਲਿੰਗ ਜਾਗਰੂਕਤਾ ਨਾਲ ਨਾ ਸਿਰਫ਼



ਤੇ ਉਹ ਇਸ ਰਾਹੀਂ ਸਾਲ 2019 ਨੂੰ 'ਔਰਤਾਂ ਦਾ ਵਰ੍ਹਾ' ਬਣਾ ਸਕਦੀਆਂ ਹਨ। ਅਮਰੀਕਾ ਅਤੇ ਸਵਿਟਜਰਲੈਂਡ ਵਿਚ ਕੰਮ ਕਰਦੀ ਇਕ ਭਾਰਤੀ ਮੂਲ ਦੀ ਵਿੱਤੀ ਸੰਸਥਾ ਹਿੰਦੂਜਾ ਫਾਊਂਡੇਸ਼ਨ ਯੂਐੱਸ ਦਾ ਕਹਿਣਾ ਇਸ ਗੱਲ 'ਤੇ ਗ਼ੌਰ ਕਰਨਾ ਅਹਿਮ ਹੋ ਜਾਂਦਾ ਹੈ ਕਿ ਪਹਿਲਾਂ ਦੀ ਤੁਲਨਾ 'ਚ ਕਿਤੇ ਜ਼ਿਆਦਾ ਔਰਤਾਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਰਹੀਆਂ ਹਨ। ਦੇਸ਼ ਦੇ ਕਈ ਸੂਬਿਆਂ 'ਚ ਹੋਈਆਂ ਚੋਣਾਂ 'ਚ ਵੱਡੀ ਗਿਣਤੀ 'ਚ ਔਰਤਾਂ ਨੇ ਮਤਦਾਨ ਕੀਤਾ। 'ਹਿੰਦੂਜਾ ਫਾਊਂਡੇਸ਼ਨ ਯੂਐੱਸ' ਦੀ ਮੁਖੀ ਸ਼ਾਨੂ ਨੇ ਇਕ ਲੇਖ 'ਚ ਕਿਹਾ, 'ਜ਼ਿਆਦਾ ਉਮੀਦਵਾਰਾਂ ਦੇ ਚੋਣ ਪ੍ਰਚਾਰ ਦੇ ਤਰੀਕਿਆਂ 'ਚ ਬਦਲਾਅ ਆਵੇਗਾ, ਬਲਕਿ ਇਸ ਨਾਲ ਮਹਿਲਾ ਉਮੀਦਵਾਰਾਂ ਲਈ ਰਸਤੇ ਵੀ ਖੁੱਲ੍ਹਣਗੇ ਤੇ ਨੀਤੀ ਨਿਰਧਾਰਕ ਸੰਸਥਾਵਾਂ 'ਚ ਵੀ ਉਨ੍ਹਾਂ ਲਈ ਮੌਕੇ ਵਧਣਗੇ।' ਉਨ੍ਹਾਂ ਇਹ ਵੀ ਕਿਹਾ ਕਿ ਲੋਕਤੰਤਰੀ ਤੇ ਸੰਵਿਧਾਨ ਅਧਿਕਾਰਾਂ ਦੀ ਵਰਤੋਂ ਦੇ ਮਾਮਲੇ 'ਚ ਮਹਿਲਾ ਵੋਟਰਾਂ 'ਚ ਜਾਗਰੂਕਤਾ ਵਧੀ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸਮੁੱਚੇ ਭਾਰਤ 'ਚ ਆਪਣੀ ਆਵਾਜ਼ ਉਠਾਉਣ ਤੇ ਆਪਣੇ ਅਧਿਕਾਰਾਂ ਦੀ ਵਰਤੋਂ ਨੂੰ ਲੈ ਕੇ ਔਰਤਾਂ ਜ਼ਿਆਦਾ ਮਜ਼ਬੂਤ ਹੋਈਆਂ ਹਨ।

# ਅਮਰੀਕਾ 'ਚ ਅਪ੍ਰੈਲ ਸਿੱਖ ਜਾਗਰੂਕਤਾ ਮਹੀਨਾ ਕਰਾਰ

**ਵਾਸ਼ਿੰਗਟਨ :** ਅਮਰੀਕਾ ਦੇ ਡੈਲਾਵੇਅਰ ਸੂਬੇ 'ਚ ਅਪ੍ਰੈਲ, 2019 ਸਿੱਖ ਜਾਗਰੂਕਤਾ ਮਹੀਨੇ ਦੇ ਰੂਪ ਵਿਚ ਮਨਾਇਆ ਜਾਵੇਗਾ। ਮੰਗਲਵਾਰ ਨੂੰ ਡੈਲਾਵੇਅਰ ਦੇ ਗਵਰਨਰ ਜੌਨ ਕਾਰਨੇਅ ਨੇ ਇਸ ਦਾ ਰਸਮੀ ਐਲਾਨ ਕੀਤਾ। ਐਲਾਨ ਮੁਤਾਬਕ ਅਪ੍ਰੈਲ 2019 ਪੂਰੇ ਸੂਬੇ ਵਿਚ ਸਿੱਖ ਜਾਗਰੂਕਤਾ ਅਤੇ ਸ਼ਲਾਘਾ ਮਹੀਨੇ ਵਜੋਂ ਮਨਾਇਆ ਜਾਵੇਗਾ।



ਇਸ ਤੋਂ ਪਹਿਲਾਂ ਸੂਬੇ ਦੀ ਪ੍ਰਤੀਨਿਧ ਸਭਾ ਅਤੇ ਸੈਨੇਟ 'ਚ ਇਸ ਸਬੰਧ 'ਚ ਮਤਾ ਪਾਸ ਕੀਤਾ ਜਾ ਚੁੱਕਾ ਹੈ। ਦੋਨੋਂ ਸਦਨਾਂ 'ਚ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਇਆ ਸੀ। ਫ਼ੈਸਲੇ ਤੋਂ ਖੁਸ਼ ਡੈਲਾਵੇਅਰ ਸਿੱਖ ਜਾਗਰੂਕਤਾ ਸੰਗਠਨ ਦੇ ਚੇਅਰਮੈਨ ਚਰਨਜੀਤ ਸਿੰਘ ਮਿਨਹਾਸ ਨੇ ਕਿਹਾ ਕਿ ਸਰਕਾਰ ਦਾ ਇਹ ਫ਼ੈਸਲਾ ਕਾਫ਼ੀ ਸ਼ਲਾਘਾਯੋਗ ਹੈ। ਇਸ ਸਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਹੋਣ ਕਾਰਨ ਐਲਾਨ ਦੀ ਖ਼ਾਸੀਅਤ ਹੋਰ ਜ਼ਿਆਦਾ ਵੱਧ ਜਾਂਦੀ ਹੈ। ਇਸ ਤੋਂ ਪਹਿਲਾਂ ਡੀਐੱਸਏਸੀ ਦੇ ਚੇਅਰਮੈਨ ਵੱਲੋਂ ਵੱਖ-ਵੱਖ ਧਰਮਾਂ ਦੇ ਲੋਕਾਂ 'ਚ ਇਕ ਡਿਨਰ ਕੀਤਾ ਗਿਆ ਸੀ। ਇਸ ਵਿਚ ਕਈ ਲੋਕ ਸ਼ਾਮਲ ਹੋਏ ਸਨ। ਸ਼ਾਮਲ ਹੋਣ ਵਾਲਿਆਂ 'ਚ ਅਮਰੀਕਾ 'ਚ ਭਾਰਤੀ ਦੂਤਘਰ ਦੇ ਕਮਿਊਨਿਟੀ ਮਾਮਲਿਆਂ ਦੇ ਮਨਿਸਟਰ ਅਨੁਰਾਗ ਕੁਮਾਰ ਵੀ ਸਨ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਪੰਜਾਬੀ ਫ਼ੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

Raja SWEETS & CATERING



AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets

INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਅਤੇ ਸਮੂਹ ਸਾਧ ਸੰਗਤ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ **31 ਮਾਰਚ 2019** ਦਿਨ ਐਤਵਾਰ ਨੂੰ **31252 Veasy Street Union City (CA) 94587** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ ਚੱਲਣ ਵਾਲੇ ਧਾਰਮਿਕ ਸਮਾਗਮ ਦਰਮਿਆਨ ਪੰਥ ਪ੍ਰਸਿੱਧ ਰਾਗੀ/ਢਾਡੀ ਅਤੇ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਵਿਦਵਾਨ ਬੁਲਾਰੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਉਦੇਸ਼ਾਂ/ਉਪਦੇਸ਼ ਬਾਰੇ ਜਾਣਕਾਰੀ ਸਾਂਝੀ ਕਰਨਗੇ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ।

**ਕਿਸੇ ਵੀ ਦਾਨੀ ਪਰਿਵਾਰ ਨੇ ਲੰਗਰ ਦੀ ਸੇਵਾ ਲੈਣੀ ਹੋਵੇ ਤਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।**

## ਪ੍ਰੋਗਰਾਮ ਦਾ ਵੇਰਵਾ

ਪ੍ਰੋਗਰਾਮ: 31 ਮਾਰਚ 2019 ਦਿਨ ਐਤਵਾਰ

ਸਵੇਰੇ: 10 ਵਜੇ ਤੋਂ ਦੁਪਹਿਰ 3 ਵਜੇ ਤੱਕ

**ਸਥਾਨ:**

**31252 Veasy St Union City (CA) 94587**

## ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:

| | |
|---|---|
| ਚੇਅਰਮੈਨ- ਵਿਨੋਦ ਕੁਮਾਰ ਚੁੰਬਰ | ਜਨਰਲ ਸਕੱਤਰ- ਸ਼ਿਵ ਸਿੱਧੂ |
| 510-953-9800 | 510-386-2715 |
| ਪ੍ਰਧਾਨ- ਕੇਵਲ ਸਿੰਘ | ਖਜਾਨਚੀ- ਸੰਤੋਖ ਸਿੰਘ |
| 510-299-6418 | ਸਰੋਇਆ 408-509-9697 |

## ਸਨਿਮਰ ਬੇਨਤੀ

ਸਮੂਹ ਸੰਗਤ ਜੀ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਇਮਾਰਤ ਦਾ ਕੰਮ ਜਲਦੀ ਹੀ ਸ਼ੁਰੂ ਹੋ ਰਿਹਾ ਹੈ। ਕਿਰਪਾ ਕਰਕੇ ਵੱਧ ਤੋਂ ਵੱਧ ਮਾਇਆ ਦਾ ਦਾਨ ਗੁਰੂ ਘਰ ਨੂੰ ਕਰੋ ਜੀ।

# ਸਮੂਹ ਮੈਂਬਰ ਅਤੇ ਅਹੁਦੇਦਾਰ- ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ)



## ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤਰੁ ਧਰੈ ॥1॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥1॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥



ਵਿਨੋਦ ਕੁਮਾਰ ਚੁੰਬਰ
ਚੇਅਰਮੈਨ (510)-953-9800

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ 31 ਮਾਰਚ 2019 ਦਿਨ ਐਤਵਾਰ ਨੂੰ 31252 Veasy Street Union City (CA) 94587 ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਕੇਵਲ ਸਿੰਘ
ਪ੍ਰਧਾਨ (510)-299-6418

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ)

# ਮਹਾਂਰਿਸ਼ੀ ਵਾਲਮੀਕ ਟੈਂਪਲ ਦਾ ਤੀਸਰਾ ਸਥਾਪਨਾ ਦਿਵਸ ਮਨਾਇਆ ਗਿਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ, ਯੂਬਾ ਸਿਟੀ ਵਿਖੇ ਮੰਦਰ (ਟੈਂਪਲ) ਦਾ ਤੀਸਰਾ ਸਥਾਪਨਾ ਦਿਵਸ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਵੱਲੋਂ ਸ਼ਿਰਕਤ ਕੀਤੀ ਗਈ। ਸਭ ਤੋਂ ਪਹਿਲਾਂ ਭਗਵਾਨ ਵਾਲਮੀਕ ਜੀ ਵੱਲੋਂ ਬਖਸ਼ਿਸ਼ ਕੀਤੇ ਸੂਹੇ ਲਾਲ ਨਿਸ਼ਾਨ ਸਾਹਿਬ ਚੜ੍ਹਾਏ ਗਏ। ਜਿਸ ਉਪਰੰਤ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਤੇ ਅਰਦਾਸ ਤੇ ਆਰਤੀ ਕੀਤੀ ਗਈ। ਪ੍ਰੋਗਰਾਮ ਦਾ ਆਰੰਭ ਮਹਾਂਰਿਸ਼ੀ ਵਾਲਮੀਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਸਮੂਹ ਸੰਗਤਾਂ ਨੂੰ ਜੀਅ ਆਇਆਂ ਕਹਿੰਦਿਆਂ ਮੰਦਰ ਦੇ ਤੀਸਰੇ ਸਥਾਪਨਾ ਦਿਵਸ ਦੀ ਲੱਖ-ਲੱਖ ਮੁਬਾਰਕਾਂ ਦਿੰਦਿਆਂ ਕੀਤੀ ਗਈ। ਸਵੇਰ ਤੋਂ ਸ਼ਾਮ ਤੱਕ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਵਿਸ਼ਾਲ ਸ਼ਰਬਤੀ ਤੇ ਸੋ-ਨੀਆ ਸ਼ਰਬਤੀ ਦੇ ਬੇਟੇ ਵੰਨਕੁਸ਼ ਸ਼ਰਬਤੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਅੱਜ ਦੇ ਲੰਗਰਾਂ ਦੀ ਸੇਵਾ ਕੀਤੀ ਗਈ। ਅੱਜ ਦੇ ਪ੍ਰੋਗਰਾਮ ਦੇ ਬੁਲਾਰੇ ਸੰਤੋਖ ਸਿੰਘ ਗਿੱਲ, ਜਸਪਾਲ ਮਾਲੜੀ, ਗੁਰਨਾਮ ਸਿੰਘ ਪੰਮਾ, ਡਾ. ਕੁਲਦੀਪ ਸਿੰਘ,









ਮਾਸਟਰ ਬਲਵਿੰਦਰ ਸਿੰਘ ਥਾਪਰ (ਜੋ ਕਿ ਕੁਝ ਦਿਨ ਪਹਿਲਾਂ ਹੀ ਭਾਰਤ ਤੋਂ ਆਏ ਹਨ) ਸਨ। ਸਾਰੇ ਬੁਲਾਰਿਆਂ ਨੇ ਭਗਵਾਨ ਵਾਲਮੀਕ ਜੀ ਦੀਆਂ ਸਿੱਖਿਆਵਾਂ ਤੇ ਸਮਾਜ ਨੂੰ ਸੇਧ ਬਾਰੇ ਬਹੁਤ ਹੀ ਵਿਸਥਾਰ ਪੂਰਵਕ ਵਿਚਾਰ ਰੱਖੇ ਗਏ। ਉਹਨਾਂ ਤੋਂ ਇਲਾਵਾ ਹਫਤਾਵਾਰੀ ਨਿਊਜ਼ ਪੇਪਰ 'ਦੇਸ਼ ਦੁ-ਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ, ਜਿਹਨਾਂ ਨੇ ਪ੍ਰੋ-ਗਰਾਮ ਦੇ ਸ਼ੁਰੂ ਤੋਂ ਅੰਤ ਤੱਕ ਹਾਜ਼ਰੀ ਲਗਵਾਈ, ਨੇ ਵੀ ਆਪਣੇ ਵਿਚਾਰ ਰੱਖੇ ਤੇ 'ਦੇਸ਼ ਦੁਆਬਾ' ਦੇ ਫੇਸਬੁੱਕ ਪੇਜ ਉਪਰ ਪ੍ਰੋਗਰਾਮ ਲਾਈਵ ਵੀ ਦਿਖਾਇਆ ਗਿਆ। ਪ੍ਰੋਗਰਾਮ ਵਿਚ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਤੇ ਸਿੱਖ ਟੈਂਪਲ ਟਾਇਰਾ ਬਿਊਨਾ, ਯੂਬਾ ਸਿਟੀ ਦੀਆਂ ਸਭਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਦੁਪਹਿਰ ਤੋਂ ਸ਼ਾਮ ਤੱਕ ਸ਼ਬਦ ਕੀਰਤਨ ਚਲਦਾ ਰਿਹਾ। ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨ ਵਾਲਿਆਂ ਵਿਚ ਸ੍ਰੀ ਭੁਪਿੰਦਰ ਭਿੰਦਾ, ਰਾਜ ਕੁਮਾਰ ਪੰਡੋਰੀ, ਅਸ਼ੋਕ ਕੁਮਾਰ, ਵਿਸ਼ਾਲ ਸ਼ਰਬਤੀ, ਰੋਹਤਾਸ਼ ਸਿੰਘ ਭਗਾਣੀਆਂ, ਗਿਆਨੀ ਪ੍ਰਿਤਪਾਲ ਸਿੰਘ ਮੁੱਖ ਸੇਵਾਦਾਰ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵੀ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਛੋਟੀ ਜਿਹੀ ਬੱਚੀ ਸਿਮਰਨ ਭਗਾਣੀ ਨੇ ਵੀ ਬਹੁਤ ਹੀ ਪਿਆਰਾ ਸ਼ਬਦ ਸੰਗਤਾਂ ਨੂੰ ਸੁਣਾਇਆ ਗਿਆ। ਬੱਚੀ ਦੇ ਸ਼ਬਦ ਨੂੰ ਸੰਗਤਾਂ ਨੇ ਬਹੁਤ ਪਿਆਰ ਤੇ ਸ਼ਰਧਾ ਨਾਲ ਸੁਣਿਆ। ਇਸ ਸਾਰੇ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸਟੇਜ ਸਕੱਤਰ ਦੀ ਭੂਮਿਕਾ ਜਸਪਾਲ ਮਾਲੜੀ ਵੱਲੋਂ ਨਿਭਾਈ ਗਈ।

ਪ੍ਰੋਗਰਾਮ ਦੇ ਅੰਤ ਵਿਚ ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਮੰਦਰ ਵਿਚ ਚੱਲ ਰਹੇ ਡਿਵੈਲਪਮੈਂਟ ਦੇ ਕਾਰਜਾਂ ਲਈ ਆਪਣੀ ਨੇਕ ਕਮਾਈ 'ਚੋਂ ਸਮਰੱਥਾ ਅਨੁਸਾਰ ਵੱਧ ਤੋਂ ਵੱਧ ਯੋਗਦਾਨ ਪਾਓ। ਪ੍ਰੋਗਰਾਮ ਦੌਰਾਨ ਸਟੇਜ ਤੋਂ ਦੱਸਿਆ ਗਿਆ ਕਿ 21 ਅਪ੍ਰੈਲ 2019 ਨੂੰ ਮੰਦਰ ਵਿਚ ਸਵੇਰੇ 9 ਵਜੇ ਤੋਂ 4 ਵਜੇ ਤੱਕ ਭਾਰਤੀ ਸੰਵਿਧਾਨ ਦੇ ਰਚੇਤਾ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਹਾੜਾ ਪੂਰੇ ਜੋਸ਼-ਖਰੋਸ਼ ਨਾਲ ਮਨਾਇਆ ਜਾਵੇਗਾ। ਸਾਰੀਆਂ ਸੰਗਤਾਂ ਇਸੇ ਤਰ੍ਹਾਂ ਉਸ ਦਿਨ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਣ।

# ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸ. ਹਰਬੰਸ ਸਿੰਘ ਕੰਦੋਲਾ ਜੀ, ਬੀਬੀ ਬਲਵਿੰਦਰ ਕੌਰ ਕੰਧੋਲਾ ਜੀ ਵੱਲੋਂ ਆਪਣੇ ਬੇਟੇ ਅੰਮ੍ਰਿਤ ਸਿੰਘ ਦੀ ਚੜ੍ਹਦੀ ਕਲਾ ਲਈ, ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ, ਜਿਸ ਵਿਚ ਗੁਰੂ ਘਰ ਵਿਖੇ ਮਿਤੀ 23 ਮਾਰਚ ਦਿਨ ਸਨਿਚਰਵਾਰ ਨੂੰ ਗੁਰੂ ਘਰ ਵਿਖੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

ਉਪਰੰਤ ਇਲਾਹੀ ਬਾਣੀ ਦੇ ਕੀਰਤਨ ਕਰਵਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ (ਹੈਡ ਕੈਸ਼ੀਅਰ ਗੁਰੂ ਘਰ) ਨੇ ਨਿਭਾਈ।




ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਕੰ-ਧੋਲਾ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੇ ਜਨਰਲ ਸੈਕਟਰੀ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਬੀਬੀ ਪੁਸ਼ਪਾ ਰੱਲ ਪਰਿਵਾਰ ਵੱਲੋਂ ਮਾਰਚ 29, 30, 31, 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਬਿ ਜੀ ਦੀ ਸੇਵਾ ਕੀਤੀ ਜਾ ਰਹੀ ਹੈ:

**29 ਮਾਰਚ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**31 ਮਾਰਚ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

# ਨਾਸਾ ਦੇ ਲੇਜ਼ਰ ਉਪਕਰਨ ਚੰਨ ਤਕ ਲੈ ਕੇ ਜਾਵੇਗਾ 'ਚੰਦਰਯਾਨ 2'

**ਵਾਸ਼ਿੰਗਟਨ–** ਭਾਰਤ ਦੇ ਚੰਦਰਮਾ ਮਿਸ਼ਨ 'ਚੰਦਰਯਾਨ 2' ਨੂੰ 11 ਅਪਰੈਲ ਨੂੰ ਲਾਂਚ ਕੀਤਾ ਜਾਵੇਗਾ ਅਤੇ ਉਹ ਨਾਸਾ ਦੇ ਲੇਜ਼ਰ ਉਪਕਰਨ ਆਪਣੇ ਨਾਲ ਚੰਨ ਤਕ ਲੈ ਕੇ ਜਾਵੇਗਾ। ਅਮਰੀਕੀ ਪੁਲਾੜ ਏਜੰਸੀ ਦੇ ਅਧਿਕਾਰੀਆਂ ਮੁਤਾਬਕ ਇਸ ਨਾਲ ਵਿਗਿਆਨੀਆਂ ਨੂੰ ਚੰਨ ਤਕ ਦੀ ਦੂਰੀ ਦਾ ਸਟੀਕ ਨਾਪ ਲੈਣ 'ਚ ਸਹਾਇਤਾ ਮਿਲੇਗੀ। ਪਿਛਲੇ ਹਫ਼ਤੇ ਅਮਰੀਕਾ ਦੇ ਟੈਕਸਸ 'ਚ ਹੋਏ ਚੰਨ ਅਤੇ ਗ੍ਰਹਿ ਵਿਗਿਆਨ ਸੰਮੇਲਨ ਦੌਰਾਨ ਨਾਸਾ ਨੇ ਇਸ ਦੀ ਪੁਸ਼ਟੀ ਕੀਤੀ ਸੀ ਕਿ ਚੰਦਰਯਾਨ 2 ਅਤੇ ਇਜ਼ਰਾਇਲੀ ਲੈਂਡਰ ਬੇਰੇਸ਼ੀਟ ਨਾਸਾ ਦੇ ਲੇਜ਼ਰ ਰੈਟਰੋਰਿਫਲੈਕਟਰ ਐਰੇਜ਼ ਨੂੰ ਨਾਲ ਲੈ ਕੇ ਜਾਣਗੇ।



SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਤੇ ਪਹਿਲੀ ਵਾਰ ਬਣ ਰਹੀ ਦਸਤਾਵੇਜੀ ਫਿਲਮ ਲਈ ਇਕ ਲੱਖ ਡਾਲਰ ਇਕੱਠੇ ਕੀਤੇ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਨਿਊਯਾਰਕ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਤੇ ਪਹਿਲੀ ਵਾਰ ਬਣ ਰਹੀ ਦਸਤਾਵੇਜੀ ਫਿਲਮ ਲਈ ਇਕ ਲੱਖ ਡਾਲਰ ਇਕੱਠੇ ਕੀਤੇ। ਇਸ ਫ਼ਿਲਮ ਨੂੰ 2019 ਦੌਰਾਨ ਪੂਰੇ ਅਮਰੀਕਾ ਵਿਚ 200 ਪੀ.ਬੀ.ਐਸ. ਦੇ ਟੀਵੀ ਸਟੇਸ਼ਨਾਂ 'ਤੇ ਦਿਖਾਇਆ ਜਾਵੇਗਾ ਜਦੋਂ ਸਿੱਖ ਭਾਈਚਾਰਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ 550 ਵੇਂ ਜਨਮ ਦਿਹਾੜੇ ਦਾ ਜਸ਼ਨ ਮਨਾਵੇਗਾ। ਨਿਊਯਾਰਕ ਵਿਚ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੋਬਾਨਾ ਦੇ ਮੈਂਬਰਾਂ ਨੇ ਇਸ ਕਾਰਜ ਲਈ ਆਪਣੇ ਉਤਸ਼ਾਹ ਨੂੰ ਦਰਸਾਉਂਦਿਆਂ ਨੈਸ਼ਨਲ ਸਿੱਖ ਕੈਂਪੇਨ ਵਲੋ ਇਹ ਡਾਕੂਮੈਂਟਰੀ ਦਾ ਸਮਰਥਨ ਕੀਤਾ।

ਇਸ ਫ਼ਿਲਮ ਦੇ ਪ੍ਰੀਮੀਅਰ ਸ਼ੋਅ ਅਮਰੀਕਾ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਆਯੋਜਿਤ ਕਰਨ ਬਾਰੇ ਵੀ ਵਿਉਤ ਬਣ ਰਹੀ ਹੈ।ਬੱਚਿਆਂ ਨੇ ਗੱਤਕਾ ਸ਼ੋਅ ਦੇ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਸਿੱਖੀ ਲਈ ਆਪਣੇ ਪਿਆਰ ਅਤੇ ਜਨੂੰਨ ਦਾ ਪ੍ਰਗਟਾ ਕੀਤਾ। ਦੂਜੀ ਪੀੜ੍ਹੀ ਅਮਰੀਕਨ ਜਵਾਨ ਸਿੱਖ ਨੌਜਵਾਨਾਂ ਨੇ ਵੀ ਇਸ ਪ੍ਰੋਜੈਕਟ ਲਈ ਆਪਣੇ ਉਤਸ਼ਾਹ ਅਤੇ ਸਮਰਥਨ ਦਾ ਪ੍ਰਗਟਾਵਾ ਕੀਤਾ। ਡਾ. ਰਾਜਵੰਤ ਸਿੰਘ ਵਾਸ਼ਿੰਗਟਨ ਨੇ ਦਸਤਾਵੇਜ਼ੀ ਫ਼ਿਲਮ ਦੀ ਯੋਜਨਾ 'ਤੇ ਇਕ ਵਿਸਥਾਰਤ ਪੇਸ਼ਕਾਰੀ ਦਿੱਤੀ। ਉਹਨਾਂ ਨੇ ਕਿਹਾ, "ਇਸ ਫ਼ਿਲਮ



ਦਾ ਉਦੇਸ਼ ਪੂਰੇ ਦੇਸ਼ ਵਿਚ ਅਮਰੀਕੀਆਂ ਤੱਕ ਗੁਰੂ ਨਾਨਕ ਦਾ ਸੰਦੇਸ਼ ਪਹੁੰਚਾਉਣਾ ਹੈ। ਇਸ ਤੋਂ ਇਲਾਵਾ ਐਨ.ਐਸ.ਸੀ. ਇਸ ਸਾਲ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਵਰ੍ਹੇਗੰਢ ਦੇ ਦੌਰਾਨ ਸੋਸ਼ਲ ਮੀਡੀਆ ਵਿਚ ਪੂਰੀ ਤਰ੍ਹਾਂ ਪ੍ਰਚਾਰ ਮੁਹਿੰਮ ਬਾਰੇ ਵੀ ਪਲੈਨ ਬਣਾਏ ਜਾ ਰਹੇ ਹਨ। ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਮਾਸਟਰ ਮੋਹਿੰਦਰ ਸਿੰਘ ਨੇ ਕਿਹਾ, "ਹਰੇਕ ਸਿੱਖ ਗੁਰੂ ਨਾਨਕ ਦੇਵ ਦੁਆਰਾ ਬਹੁਤ ਡੂੰਘਾ ਪ੍ਰੇਰਿਤ ਹੈ ਅਤੇ ਸਾਨੂੰ ਇਸ ਮਹੱਤਵਪੂਰਨ ਸਾਲ ਦੌਰਾਨ ਇਸ ਮਹਾਨ ਕਾਰਜ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਸਿੱਖ ਨੇਤਾ ਰਘਬੀਰ ਸਿੰਘ ਸੁਭਾਨਪੁਰ ਨੇ ਕਿਹਾ, "ਅਸੀ ਖੁਸ਼ ਹਾਂ ਕਿ ਭਾਰਤ ਅਤੇ ਪਾਕਿਸਤਾਨ ਇਸ ਮਹੱਤਵਪੂਰਨ ਵਰ੍ਹੇਗੰਢ ਦੇ ਦੌਰਾਨ ਦੋ ਦੇਸ਼ਾਂ ਵਿਚਾਲੇ ਇਕ ਕੋਰੀਡੋਰ ਬਣਾ ਰਹੇ ਹਨ ਅਤੇ ਇਸੇ ਤਰ੍ਹਾਂ ਇਹ ਮਹੱਤਵਪੂਰਨ ਹੈ ਕਿ ਅਸੀਂ ਇਸ ਸਮੇਂ ਦੌਰਾਨ ਸਿੱਖ ਭਾਈਚਾਰੇ ਅਤੇ ਹੋਰ ਭਾਈਚਾਰਿਆਂ ਵਿਚਕਾਰ ਸਮਝ ਦੇ ਵੀ ਪੁਲ ਬਣਾਇਏ। ਇਹ ਦਸਤਾਵੇਜ਼ੀ ਫ਼ਿਲਮ ਸਾਨੂੰ ਇਸ ਟੀਚੇ ਨੂੰ ਪ੍ਰਾਪਤ ਕਰਨ ਵਿਚ ਮਦਦ ਕਰੇਗੀ।"

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਉਪ ਪ੍ਰਧਾਨ ਜੁਗਵਿੰਦਰ ਸਿੰਘ,ਗਿਆਨੀ ਜਸਪਾਲ ਸਿੰਘ, ਮੱਖਣ ਸ਼ਾਹ ਲੁਬਾਣਾ ਕਮਿਊਨਿਟੀ ਦੇ ਯੁਵਾ ਨੇਤਾ ਸਿਮਰਜੀਤ ਸਿੰਘ ਨੇ ਵੀ ਅਪਣੇ ਵਿਚਾਰ ਰੱਖੇ।

ਇਸ ਦੌਰਾਨ ਗੁਰਮੇਜ ਸਿੰਘ, ਸਤਨਾਮ ਸਿੰਘ, ਪ੍ਰੀਤਮ ਸਿੰਘ ਗਿਲਜੀਆਂ, ਸਤਨਾਮ ਸਿੰਘ, ਬੇਗੋਵਾਲ ਸੇਵਾ ਸੁਸਾਇਟੀ ਦੇ ਪਰਮਜੀਤ ਸਿੰਘ ਬੇਗੋਵਾਲ ਨੇ ਆਪਣੇ ਵਿਚਾਰ ਰੱਖੇ। ਦਲੇਰ ਸਿੰਘ ਨੇ ਗੱਤਕਾ ਸ਼ੋਅ ਦਾ ਆਯੋਜਨ ਕੀਤਾ। 20 ਤੋਂ ਵੱਧ ਨੌਜਵਾਨਾਂ ਨੇ ਆਪਣੇ ਗੱਤਕਾ ਦੇ ਹੁਨਰ, ਸਿੱਖ ਮਾਰਸ਼ਲ ਆਰਟ ਪ੍ਰਦਰਸ਼ਿਤ ਕੀਤੇ।

# ਡਿਪਟੀ ਕਮਿਸ਼ਨਰ ਸ੍ਰੀ ਚੰਦਰ ਗੈਂਦ ਨੇ ਪੋਸ਼ਣ ਪਖਵਾੜੇ ਨੂੰ ਸਮਰਪਿਤ ਜਾਗਰੂਕਤਾ ਮਾਰਚ ਨੂੰ ਹਰੀ ਡ਼ੰਡੀ ਦੇ ਕੇ ਕੀਤਾ ਰਵਾਨਾ

**ਹੁਸੈਨੀਵਾਲਾ–** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ 87ਵੇਂ ਸ਼ਹੀਦੀ ਦਿਵਸ ਤੋਂ ਇੱਕ ਦਿਨ ਪਹਿਲਾਂ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੋਸ਼ਣ ਪਖਵਾੜੇ ਦੇ ਤਹਿਤ ਜਾਗਰੂਕਤਾ ਮਾਰਚ ਕੱਢਿਆ ਗਿਆ।

ਡਿਪਟੀ ਕਮਿਸ਼ਨਰ ਸ੍ਰੀ ਚੰਦਰ ਗੈਂਦ ਨੇ ਜਾਗਰੂਕਤਾ ਮਾਰਚ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ। ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਮੈਮੋਰੀਅਲ ਸੁਸਾਇਟੀ ਨੇ ਇਸ ਜਾਗਰੂਕਤਾ ਮਾਰਚ ਵਿੱਚ ਆਪਣੇ ਵਲੰਟੀਅਰਾਂ ਨਾਲ ਸ਼ਿਰਕਤ ਕੀਤੀ। ਵੱਡੀ ਗਿਣਤੀ ਵਿੱਚ ਲੋਕ ਰੈਲੀ ਦੇ ਰੂਪ ਵਿੱਚ ਇਤਿਹਾਸਕ ਸਾਰਾਗੜ੍ਹੀ ਸਾਹਿਬ ਗੁਰਦੁਆਰੇ ਵਿੱਚ ਰਵਾਨਾ ਹੋਏ ਤੇ ਫ਼ਿਰੋਜ਼ਪੁਰ ਛਾਉਣੀ, ਫ਼ਿਰੋਜ਼ਪੁਰ ਸ਼ਹਿਰ ਤੋਂ ਹੁੰਦੇ ਹੋਏ ਹੁਸੈਨੀਵਾਲਾ ਸ਼ਹੀਦੀ ਸਮਾਰਕ ਤੇ ਪਹੁੰਚੇ। ਪੂਰੇ ਰਸਤੇ ਵਿੱਚ ਦੇਸ਼ ਭਗਤੀ ਦੇ ਗਾਣਿਆਂ ਤੇ ਨੌਜਵਾਨਾਂ ਨੇ ਸ਼ਹੀਦਾਂ ਨੂੰ ਯਾਦ ਕੀਤਾ।

ਡਿਪਟੀ ਕਮਿਸ਼ਨਰ ਸ੍ਰੀ ਚੰਦਰ ਗੈਂਦ ਨੇ ਮਾਰਚ ਵਿੱਚ ਸ਼ਾਮਲ ਹੋਈਆਂ ਸੰਸਥਾਵਾਂ ਦੀ ਹੌਸਲਾ ਅਫਜਾਈ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮਾਰਚ ਨਾ ਸਿਰਫ਼ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਬਲੀਦਾਨ ਨਾਲ ਰੁਬਰੂ ਕਰਵਾਉਂਦੇ ਹਨ ਬਲਕਿ ਲੋਕਾਂ ਵਿੱਚ ਦੇਸ਼ ਭਗਤੀ ਦੀ ਨਵੀਂ ਭਾਵਨਾ ਵੀ ਪੈਦਾ ਕਰਦੇ ਹਨ। ਡਿਪਟੀ ਕਮਿਸ਼ਨਰ ਸ੍ਰੀ. ਚੰਦਰ ਗੈਂਦ ਨੇ ਦੱਸਿਆ ਕਿ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ 8 ਮਾਰਚ ਤੋਂ ਲੈ ਕੇ 22 ਮਾਰਚ ਤੱਕ ਪੋਸ਼ਣ ਪਖਵਾੜਾ ਮਨਾਇਆ ਗਿਆ ਸੀ, ਜਿਸ ਦੀ ਸਮਾਪਤੀ ਤੇ ਇਹ ਜਾਗਰੂਕਤਾ ਮਾਰਚ ਨਿਕਾਲਿਆ ਗਿਆ ਹੈ। ਪੂਰੇ ਪੰਦਰਾਂ ਦਿਨ ਸਾਰੇ ਆਂਗਣਵਾੜੀ ਕੇਂਦਰਾਂ ਤੇ ਪੋਸ਼ਣ ਪਖਵਾੜੇ ਦੇ ਤਹਿਤ ਕਈ ਪ੍ਰੋਗਰਾਮ ਹੋਏ ਅਤੇ ਆਖ਼ਰੀ ਦਿਨ ਸ਼ਹੀਦੀ ਸਮਾਰਕ ਤੱਕ ਇਹ ਵਿਸ਼ਾਲ ਮਾਰਚ ਕੱਢਿਆ ਗਿਆ। ਮਾਰਚ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਵਾਲੰਟੀਅਰਜ਼ ਸ਼ਾਮਲ ਹੋਏ।

ਜਾਗਰੂਕਤਾ ਮਾਰਚ ਵਿੱਚ ਸਰਕਾਰੀ ਦਫਤਰਾਂ ਦੀ ਮੁਲਾਜ਼ਮ ਯੂਨੀਅਨ, ਪੰਜਾਬ ਯੂਥ ਕਲੱਬ ਆਰਗੇਨਾਈਜ਼ੇਸ਼ਨ, ਜੱਟ ਆਸ਼ਰਨ ਸੰਘਰਸ਼ ਸਮਿਤੀ ਸਮੇਤ ਕਈ ਸੰਸਥਾਵਾਂ ਦੇ ਅਧਿਕਾਰੀ ਵੀ ਸ਼ਾਮਲ ਹੋਏ।

# ਕੈਸ਼ ਫੈਬਰਿਕਸ ਦੇ ਕਸ਼ਮੀਰ ਸਿੰਘ ਧੁੱਗਾ ਨੂੰ ਸਦਮਾ, ਮਾਤਾ ਸਵਰਗਵਾਸ



**ਹੇਵਰਡ–** ਪਿਛਲੇ ਸ਼ੁੱਕਰਵਾਰ ਮਾਰਚ 22 ਦੀ ਦੇਰ ਰਾਤ ਨੂੰ ਬੀਬੀ ਗੁਰਬੰਤ ਕੌਰ ਧੁੱਗਾ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦਾ ਸਸਕਾਰ ਮਾਰਚ 31, 2019 ਦਿਨ ਐਤਵਾਰ ਨੂੰ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਚੈਪਲ ਆਫ ਦੀ ਚਾਈਮ ਹੇਵਰਡ ਵਿਚ ਕੀਤਾ ਜਾਵੇਗਾ। ਉਹ ਆਪਣੇ ਪਿੱਛੇ ਤਿੰਨ ਧੀਆਂ ਮਨਜੀਤ ਕੌਰ ਜੰਡਾ, ਤਸਵੀਰ ਕੌਰ ਧੁੱਗਾ, ਨੀਲਮ ਧੁੱਗਾ ਢਿੱਲੋਂ ਤੇ ਦੋ ਪੁੱਤਰ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ) ਤੇ (ਕਵੀ ਰਾਜ਼) ਅਜਾਇਬ ਸਿੰਘ ਧੁੱਗਾ ਨੂੰ ਛੱਡ ਗਏ ਹਨ। ਸਸਕਾਰ ਤੋਂ ਮਗਰੋਂ ਗੁਰੂ ਘਰ ਫਰੀਮਾਂਟ ਵਿਚ ਅੰਤਿਮ ਅਰਦਾਸ ਹੋਵੇਗੀ, ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕਸ਼ਮੀਰ ਸਿੰਘ ਧੁੱਗਾ ਨਾਲ 510-816-9044 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਾਬਾਲਗ ਹਿੰਦੂ ਲੜਕੀਆਂ ਦੇ ਜਬਰੀ ਨਿਕਾਹ ਮਾਮਲੇ 'ਚ 7 ਫੜੇ

**ਲਾਹੌਰ–** ਪਾਕਿਸਤਾਨ 'ਚ ਦੋ ਨਾਬਾਲਗ ਹਿੰਦੂ ਲੜਕੀਆਂ ਨੂੰ ਅਗਵਾ ਅਤੇ ਜਬਰੀ ਧਰਮ ਪਰਿਵਰਤਨ ਕਰਕੇ ਨਿਕਾਹ ਪੜ੍ਹਾਉਣ ਵਾਲੇ ਵਿਅਕਤੀ ਸਮੇਤ ਸੱਤ ਵਿਅਕਤੀਆਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਰਿਪੋਰਟਾਂ ਮੁਤਾਬਕ ਪੀੜਤ ਲੜਕੀਆਂ ਨੇ ਸੁਰੱਖਿਆ ਦੀ ਮੰਗ ਕਰਦਿਆਂ ਅਦਾਲਤ ਕੋਲ ਪਹੁੰਚ ਕੀਤੀ ਹੈ। ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਵਿਚਕਾਰ ਇਸ ਮੁੱਦੇ ਨੂੰ ਲੈ ਕੇ ਸ਼ਬਦੀ ਜੰਗ ਨਾਲ ਇਹ ਮਾਮਲਾ ਭਖ ਗਿਆ ਸੀ। ਰਵੀਨਾ (13) ਅਤੇ ਰੀਨਾ (15) ਨੂੰ ਹੋਲੀ ਤੋਂ ਇਕ ਦਿਨ ਪਹਿਲਾਂ ਸਿੰਧ ਦੇ ਘੋਟਕੀ ਜ਼ਿਲ੍ਹੇ 'ਚ ਉਨ੍ਹਾਂ ਦੇ ਘਰ ਤੋਂ ਅਗਵਾ ਕੀਤਾ ਗਿਆ ਸੀ। ਮੌਲਵੀ ਵੱਲੋਂ ਉਨ੍ਹਾਂ ਦਾ ਨਿਕਾਹ ਪੜ੍ਹੇ ਜਾਣ ਦਾ ਵੀਡੀਓ ਵਾਇਰਲ ਹੋਣ ਮਗਰੋਂ ਦੇਸ਼ 'ਚ ਗੁੱਸੇ ਦੀ ਲਹਿਰ ਫੈਲ ਗਈ ਸੀ। ਇਸ ਮਗਰੋਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਸਨ। 'ਡਾਅਨ' ਨੇ ਪੁਲੀਸ ਦੇ ਹਵਾਲੇ ਨਾਲ ਲਿਖਿਆ ਹੈ ਕਿ ਐਤਵਾਰ ਰਾਤ ਨੂੰ ਪੰਜਾਬ ਦੇ ਰਹੀਮ ਯਾਰ ਖ਼ਾਨ ਜ਼ਿਲ੍ਹੇ 'ਚ ਕਈ ਥਾਵਾਂ 'ਤੇ ਛਾਪੇ ਮਾਰੇ ਗਏ ਅਤੇ ਨਿਕਾਹ ਪੜ੍ਹਾਉਣ ਵਾਲੇ ਨਿਕਾਹ ਖਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜੋ ਪਾਕਿਸਤਾਨ ਸੁੰਨੀ ਤਹਿਰੀਕ ਦਾ ਆਗੂ ਹੈ। ਲੜਕੀਆਂ ਨਾਲ ਵਿਆਹ ਕਰਨ ਵਾਲੇ ਦੋਵੇਂ ਵਿਅਕਤੀਆਂ ਦੇ ਕੁਝ ਰਿਸ਼ਤੇਦਾਰਾਂ ਨੂੰ ਵੀ ਹਿਰਾਸਤ 'ਚ ਲਿਆ ਗਿਆ ਹੈ।

ਸ਼ੱਕੀਆਂ ਨੂੰ ਸਿੰਧ ਪੁਲੀਸ ਹਵਾਲੇ ਕਰ ਦਿੱਤਾ ਗਿਆ ਹੈ। ਐਸਪੀ ਫਾਰੂਖ ਲਾਂਝਰ ਨੇ ਲੜਕੀਆਂ ਦੇ ਪਿਤਾ ਨੂੰ ਭਰੋਸਾ ਦਿਵਾਇਆ ਹੈ ਕਿ ਲੜਕੀਆਂ ਨੂੰ ਛੇਤੀ ਬਰਾਮਦ ਕਰ ਲਿਆ ਜਾਵੇਗਾ। ਉਧਰ ਜੀਓ ਟੀਵੀ ਦੀ ਰਿਪੋਰਟ ਮੁਤਾਬਕ ਲੜਕੀਆਂ ਨੇ ਪੰਜਾਬ ਸੂਬੇ ਦੀ ਬਹਾਵਲਪੁਰ ਅਦਾਲਤ 'ਚ ਆਪਣੀ ਸੁਰੱਖਿਆ ਲਈ ਪਹੁੰਚ ਕੀਤੀ ਹੈ। ਪਾਕਿਸਤਾਨ 'ਚ ਹਿੰਦੂ ਭਾਈਚਾਰੇ ਨੇ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਭਾਰੀ ਰੋਸ ਮੁਜ਼ਾਹਰੇ ਕੀਤੇ ਸਨ। ਪਾਕਿਸਤਾਨ ਹਿੰਦੂ ਪ੍ਰੀਸ਼ਦ ਦੇ ਮੁਖੀ ਅਤੇ ਨੈਸ਼ਨਲ ਅਸੈਂਬਲੀ ਦੇ ਮੈਂਬਰ ਰਮੇਸ਼ ਕੁਮਾਰ ਵਾਂਕਵਾਨੀ ਨੇ ਘਟਨਾ ਦੀ ਨਿਖੇਧੀ ਕਰਦਿਆਂ ਜਬਰੀ ਧਰਮ ਪਰਿਵਰਤਨ ਖ਼ਿਲਾਫ਼ ਬਿੱਲ ਪਹਿਲ ਦੇ ਆਧਾਰ 'ਤੇ ਪਾਸ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨੈਸ਼ਨਲ ਅਸੈਂਬਲੀ ਦੇ ਅਗਲੇ ਇਜਲਾਸ ਦੌਰਾਨ ਉਹ ਇਸ ਸਬੰਧੀ ਮਤਾ ਵੀ ਪੇਸ਼ ਕਰਨਗੇ।

# ਨਿਊਜ਼ੀਲੈਂਡ ਹਮਲੇ ਤੋਂ ਬਾਅਦ ਗੋਆ ਪੁਲਿਸ ਅਲਰਟ 'ਤੇ

**ਪਣਜੀ–** ਨਿਊਜ਼ੀਲੈਂਡ ਦੇ ਕ੍ਰਾਈਸਟਚਰਚ 'ਚ ਮਸਜਿਦਾਂ 'ਤੇ ਹੋਏ ਹਮਲੇ ਦੇ ਬਦਲੇ ਵਜੋਂ ਇੱਥੇ ਆਉਣ ਵਾਲੇ ਇਜ਼ਰਾਇਲੀ ਸੈਲਾਨੀਆਂ 'ਤੇ ਹਮਲੇ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਗੋਆ ਪੁਲਿਸ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਇਕ ਸੀਨੀਅਰ ਪੁਲਿਸ



ਅਧਿਕਾਰੀ ਨੇ ਕਿਹਾ ਕਿ ਕੇਂਦਰੀ ਖੁਫੀਆ ਏਜੰਸੀਆਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਇਹ ਅਲਰਟ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਵਿੱਚ ਮਸਜਿਦਾਂ 'ਤੇ ਹੋਏ ਹਮਲਿਆਂ ਤੋਂ ਬਾਅਦ ਉਨ੍ਹਾਂ ਨੇ ਉਨ੍ਹਾਂ ਖੇਤਰਾਂ ਵਿੱਚ ਸਖ਼ਤ ਚੌਕਸੀ ਰੱਖੀ ਹੋਈ ਹੈ ਜਿੱਥੇ ਇਜ਼ਰਾਇਲੀ ਸੈਲਾਨੀ ਵਧੇਰੇ ਆਉਂਦੇ ਹਨ।

# ਕੌਮਾਂਤਰੀ ਦਸਤਾਰ ਦਿਵਸ ਮੌਕੇ ਵਿਦੇਸ਼ੀਆਂ ਨੇ ਪੱਗਾਂ ਬੰਨ੍ਹੀਆਂ

**ਹਾਂਗਕਾਂਗ–** ਹਾਂਗਕਾਂਗ ਵਿੱਚ ਇਸੇ ਮਹੀਨੇ ਦੂਜੀ ਵਾਰ ਕੌਮਾਂਤਰੀ ਪੱਧਰ ਦਾ ਦਸਤਾਰ ਦਿਵਸ ਮਨਾਇਆ ਗਿਆ। ਇਸ ਦਾ ਪ੍ਰਬੰਧ ਖ਼ਾਲਸਾ ਦੀਵਾਨ ਹਾਂਗਕਾਂਗ ਵੱਲੋਂ ਕੀਤਾ ਗਿਆ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਖ਼ਾਲਸਾ ਦੀਵਾਨ ਦੇ ਸਾਬਕਾ ਮੈਨੇਜਰ ਸ਼ਰਨਜੀਤ ਸਿੰਘ ਨੇ ਦੱਸਿਆ ਕਿ ਕੌਮਾਂਤਰੀ ਪਗੜੀ ਦਿਵਸ ਮੌਕੇ 250 ਦੇ ਕਰੀਬ ਵਿਦੇਸ਼ੀਆਂ ਦੇ ਸਿਰ ਪੱਗਾਂ ਸਜਾਈਆਂ ਗਈਆਂ। ਵਿਦੇਸ਼ੀ ਦੇ ਲੋਕਾਂ ਦੇ ਮਨਾਂ ਵਿੱਚ ਸਿੱਖਾਂ ਦੇ ਸਿਰਾਂ 'ਤੇ ਬੰਨ੍ਹੀਆਂ ਜਾਂਦੀਆਂ ਪੱਗਾਂ ਬਾਰੇ ਅਨੇਕਾਂ ਤਰ੍ਹਾਂ ਸਵਾਲ ਸਨ। ਵਿਦੇਸ਼ੀਆਂ ਦੀ ਪੱਗ ਪ੍ਰਤੀ ਜਗਿਆਸਾ ਨੂੰ ਦੇਖਦਿਆਂ ਹੀ ਪਹਿਲਾਂ ਤੋਂ ਪਗੜੀ ਦੇ ਇਤਿਹਾਸ ਤੇ ਸਿੱਖ ਧਰਮ ਨਾਲ ਸਬੰਧਿਤ ਜਾਣਕਾਰੀ ਦੇਣ ਵਾਲਾ ਪਰਚਾ ਬਣਾਇਆ ਗਿਆ ਸੀ। ਕੌਮਾਂਤਰੀ ਦਸਤਾਰ ਦਿਵਸ ਮੌਕੇ ਚੀਨ, ਹਾਂਗਕਾਂਗ, ਨਿਊਜ਼ੀਲੈਂਡ, ਤਾਇਵਾਨ, ਸਿੰਗਾਪੁਰ ਅਤੇ ਹੋਰ ਦੇਸ਼ਾਂ ਦੇ ਲੋਕਾਂ ਨੇ ਆਪਣੇ ਸਿਰਾਂ 'ਤੇ ਪੱਗਾਂ ਬੰਨ੍ਹਵਾ ਕੇ ਮਾਣ ਮਹਿਸੂਸ ਕੀਤਾ।




ਇਨ੍ਹਾਂ ਵਿੱਚ ਔਰਤਾਂ ਵੀ ਸ਼ਾਮਿਲ ਸਨ।

ਸ਼ਰਨਜੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਦੋ ਪ੍ਰੋਗਰਾਮ ਕਰਵਾਏ ਗਏ। ਪਹਿਲਾ ਪ੍ਰੋਗਰਾਮ ਗੁਰਦੁਆਰਾ ਸਾਹਿਬ ਵਿੱਚ ਕਰਵਾਇਆ ਗਿਆ ਤੇ ਇਹ ਦੂਜਾ ਪ੍ਰੋਗਰਾਮ ਬਾਹਰ ਖੁੱਲ੍ਹੀ ਥਾਂ ਕਰਵਾਇਆ ਗਿਆ। ਇਸ ਵਿੱਚ ਪੰਜਾਬੀ ਭਾਈਚਾਰੇ ਨਾਲ ਸਬੰਧਿਤ 120 ਬੱਚਿਆਂ ਨੇ ਹਿੱਸਾ ਲਿਆ ਸੀ।

ਉਨ੍ਹਾਂ ਦੱਸਿਆ ਕਿ ਕੌਮਾਂਤਰੀ ਦਸਤਾਰ ਦਿਵਸ ਮਨਾਉਣ ਦੀ ਪਿਰਤ 2015 ਵਿੱਚ ਪਾਈ ਗਈ ਸੀ। ਉਨ੍ਹਾਂ ਦੱਸਿਆ ਕਿ ਵਿਦੇਸ਼ੀਆਂ ਨੇ ਪੱਗ ਬੰਨ੍ਹਵਾ ਕੇ ਮਾਣ ਮਹਿਸੂਸ ਕੀਤਾ। ਉਨ੍ਹਾਂ ਦੱਸਿਆ ਕਿ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਪ੍ਰਚਾਰ ਕਰਨ ਵਿੱਚ ਲੱਗੇ ਹੋਏ ਹਨ। ਉਨ੍ਹਾਂ ਨਾਲ ਬਲਜੀਤ ਸਿੰਘ, ਸੁਖਦੇਵ ਸਿੰਘ, ਜਗਜੀਤ ਸਿੰਘ ਸਣੇ ਹੋਰ ਵਾਲੰਟੀਅਰ ਨਿਸ਼ਕਾਮ ਸੇਵਾ ਵਿੱਚ ਲੱਗੇ ਹੋਏ ਹਨ।

# ਜਮਾਤ-ਏ-ਇਸਲਾਮੀ 'ਤੇ ਪਾਬੰਦੀ ਬਾਰੇ ਫੈਸਲੇ ਲਈ ਟ੍ਰਿਬਿਊਨਲ ਕਾਇਮ

**ਨਵੀਂ ਦਿੱਲੀ–** ਭਾਰਤ ਸਰਕਾਰ ਨੇ ਦਿੱਲੀ ਹਾਈ ਕੋਰਟ ਦੇ ਜੱਜ ਦੀ ਅਗਵਾਈ ਵਿੱਚ ਇਕ ਟ੍ਰਿਬਿਊਨਲ ਕਾਇਮ ਕੀਤਾ ਹੈ, ਜੋ ਜਮਾਤ-ਏ-ਇਸਲਾਮੀ ਜੰਮੂ ਕਸ਼ਮੀਰ ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨਣ ਸਬੰਧੀ ਕਾਰਨਾਂ ਦੀ ਘੋਖ ਕਰੇਗਾ।

ਗ੍ਰਹਿ ਮੰਤਰਾਲੇ ਨੇ 23 ਮਾਰਚ ਨੂੰ ਇਕ ਨੋਟੀਫਿਕੇਸ਼ਨ ਜਾਰੀ ਕਰਦਿਆਂ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਐਕਟ (ਯੂਏਪੀਏ) ਤਹਿਤ ਇਸ ਟ੍ਰਿਬਿਊਨਲ ਦਾ ਗਠਨ ਕੀਤਾ ਹੈ। ਨੋਟੀਫਿਕੇਸ਼ਨ ਮੁਤਾਬਕ ਜਸਟਿਸ ਮੁਕਤਾ ਗੁਪਤਾ ਇਸ ਟ੍ਰਿਬਿਊਨਲ ਦੀ ਅਗਵਾਈ ਕਰਨਗੇ। ਮੌਜੂਦਾ ਸਮੇਂ ਜਸਟਿਸ ਗੁਪਤਾ ਇਕ ਹੋਰ ਟ੍ਰਿਬਿਊਨਲ ਦੀ ਅਗਵਾਈ ਕਰ ਰਹੇ ਹਨ, ਜੋ ਸਟੂਡੈਂਟ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) 'ਤੇ ਆਇਦ ਪਾਬੰਦੀ ਨੂੰ ਵਧਾਉਣ ਸਬੰਧੀ ਕਾਰਨਾਂ ਦੀ ਘੋਖ ਕਰ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਜਮਾਤ-ਏ-ਇਸਲਾਮੀ ਦੀ ਨਕੇਲ ਕੱਸਣ ਦਾ ਫੈਸਲਾ ਪੁਲਵਾਮਾ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਲਿਆ ਗਿਆ ਹੈ। ਬੀਤੇ ਵਿੱਚ ਵੀ ਜਥੇਬੰਦੀ 'ਤੇ ਇਹ ਦੋਸ਼ ਲੱਗਦਾ ਰਿਹਾ ਹੈ ਕਿ ਉਹ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ ਦਾ ਸਿਆਸੀ ਟੋਲਾ ਹੈ। ਹਾਲਾਂਕਿ ਹਿਜ਼ਬੁਲ ਹਮੇਸ਼ਾ ਇਸ ਤੋਂ ਇਨਕਾਰੀ ਰਹੀ ਹੈ। ਜਥੇਬੰਦੀ 1945 ਵਿੱਚ ਜਮਾਤ-ਏ-ਇਸਲਾਮੀ ਹਿੰਦ ਦੇ ਚੈਪਟਰ ਵਜੋਂ ਹੋਂਦ ਵਿੱਚ ਆਈ ਸੀ।

ਦੇਸ਼ ਦੁਆਬਾ

## ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ

# ਤਿੰਨ ਬਲੀਆਂ

### ਡਾ. ਭੀਮ ਰਾਓ ਅੰਬੇਦਕਰ



ਹੱਥਲਾ ਲੇਖ ਡਾ. ਭੀਮ ਰਾਓ ਅੰਬੇਦਕਰ ਦੀ ਸੰਪਾਦਨਾ ਹੇਠ ਨਿਕਲਣ ਵਾਲੇ ਅਖ਼ਬਾਰ 'ਜਨਤਾ' (ਦਾ ਪੀਪਲ) ਦੇ 13 ਅਪ੍ਰੈਲ 1931 ਸੋਮਵਾਰ ਵਾਲੇ ਅੰਕ 'ਚੋਂ ਲਿਆ ਗਿਆ ਹੈ। ਡਾ. ਭੀਮ ਰਾਓ ਅੰਬੇਦਕਰ ਨੇ ਪਹਿਲਾਂ 'ਮੂਕ ਨਾਇਕ' ਬਹਿਸ਼ਕਰਿਤ ਭਾਰਤ', 'ਸਮਤਾ' ਨਾਮੀ ਅਖ਼ਬਾਰਾਂ/ ਪਰਚਿਆਂ ਦੀ ਸੰਪਾਦਨਾ ਕੀਤੀ ਸੀ ਅਤੇ ਫਿਰ 24 ਨਵੰਬਰ 1930 ਨੂੰ 'ਜਨਤਾ' ਨਾਂ ਹੇਠ ਪਹਿਲਾ ਪੰਦਰਵਾੜਾ ਪਰਚਾ ਜਾਰੀ ਕੀਤਾ ਸੀ। ਉਪਰੋਕਤ ਪਰਚੇ ਸਾਰੇ ਮਰਾਠੀ ਭਾਸ਼ਾਈ ਹੀ ਸਨ। 'ਜਨਤਾ' ਦੇ 22 ਅੰਕ ਲਗਾਤਾਰ ਨਿਕਲੇ, ਫਿਰ ਅੰਕ 23-24 ਸੰਯੁਕਤ ਅੰਕ ਦੇ ਰੂਪ ਵਿਚ ਨਿਕਲਿਆ ਅਤੇ ਪਿੱਛੋਂ ਸਪਤਾਹਿਕ ਹੋ ਗਿਆ। 'ਤਿੰਨ ਬਲੀ' ਨਾਮੀ ਸੰਪਾਦਕੀ ਲਿਖਤ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹਾਦਤਾਂ ਉੱਤੇ ਇਕ ਰਾਜਸੀ ਟਿੱਪਣੀ ਵਜੋਂ ਲਿਖਿਆ ਗਿਆ ਸੀ। ਮਰਾਠੀ 'ਚ ਲਿਖੇ ਇਸ ਲੇਖ ਨੂੰ ਲੰਮਾ ਸਮਾਂ ਗੌਲਿਆ ਨਾ ਜਾਣਾ ਇਕ ਚਿੰਤਾ ਦਾ ਵਿਸ਼ਾ ਹੈ ਪਰ ਇਹ ਲੇਖ ਡਾ. ਅੰਬੇਡਕਰ ਦੀ ਭਾਰਤੀ ਇਨਕਲਾਬੀਆਂ ਪ੍ਰਤੀ ਦ੍ਰਿਸ਼ਟੀ ਵਿਚਲੀ ਸਾਂਝ ਨੂੰ ਵੀ ਪ੍ਰਗਟ ਕਰਦਾ ਹੈ। ਡਾ. ਅੰਬੇਦਕਰ ਜਿਹੜੇ ਖ਼ੁਦ ਇਕ ਕਾਨੂੰਨਦਾਨ ਸਨ, ਨੇ ਨਾ ਸਿਰਫ ਇਸ ਸਜ਼ਾ ਨੂੰ ਰਾਜਨੀਤਿਕ ਫੈਸਲੇ ਦੇ ਤੌਰ 'ਤੇ ਚਿੰਨਿਤ ਕੀਤਾ ਸਗੋਂ ਇਸ ਨੂੰ ਇਕ ਨਿਆਂਇਕ ਢੌਂਗ ਵੀ ਕਿਹਾ ਹੈ। ਮਰਾਠੀ 'ਚ ਲਿਖੇ ਇਸ ਲੇਖ ਦਾ ਅਨੁਵਾਦ ਸਾਡੇ ਇਨਕਲਾਬੀ ਮਿੱਤਰ ਸੁਭਾਸ ਗਾਤਾੜੇ ਨੇ ਹਿੰਦੀ ਵਿਚ ਕੀਤਾ, ਜਿਸ ਦਾ ਪੰਜਾਬੀ ਅਨੁਵਾਦ ਅਸੀਂ ਪਾਠਕਾਂ ਸਾਹਮਣੇ ਰੱਖ ਰਹੇ ਹਾਂ।

ਮਰਾਠੀ 'ਚ 'ਤਿੰਨ ਬਲੀ' ਸ਼ਬਦ ਵਰਤਿਆ ਹੈ, ਹਿੰਦੀ ਦੇ ਇਕ ਹੋਰ ਪਰਚੇ ਨੇ ਇਸਨੂੰ 'ਤਿੰਨ ਸ਼ਿਕਾਰ' ਕਰ ਦਿੱਤਾ ਅਤੇ ਇਕ ਨੇ 'ਤਿੰਨ ਸ਼ਹਾਦਤਾਂ' ਕਰ ਦਿੱਤਾ। ਅਸੀਂ ਮਰਾਠੀ ਦੇ 'ਤਿੰਨ ਬਲੀ' ਨੂੰ ਹੀ 'ਤਿੰਨ ਬਲੀਆਂ' ਕੀਤਾ ਹੈ। ਹਿੰਦੂ ਸੰਸਕ੍ਰਿਤੀ ਦਾ 'ਬਲੀ' ਸ਼ਬਦ ਕੋਈ ਵਿਆਖਿਆ ਨਹੀਂ ਮੰਗਦਾ। ਭਾਵ ਬਲੀ ਲਈ ਜਾਂਦੀ ਹੈ ਜਾਂ ਚਾੜ੍ਹੀ ਜਾਂਦੀ ਹੈ।

**ਅਨੁਵਾਦ ਤੇ ਪੇਸ਼ਕਸ਼- ਨਰਭਿੰਦਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-99

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਖੋਜ ਅਤੇ ਖੋਜੀ ਸ਼ਬਦਾਂ ਦੀ ਸਾਰਥਕਤਾ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ "ਖੋਜ" ਦੇ ਅਰਥ ਢੂੰਡ, ਤਲਾਸ਼, ਪੈਰ ਦਾ ਜ਼ਮੀਨ ਪੁਰ ਚਿੰਨ੍ਹ, ਮਾਰਗ-ਰਸਤਾ ਅਤੇ ਪੈਰ ਹਨ। ਇਉਂ ਖੋਜਣਾ, ਲੱਭਣਾ, ਢੂੰਡਣਾ, ਭਾਲ ਕਰਨਾ, ਪਤਾ ਕਰਨਾ, ਖੁਰ, ਖੁਰਾ, ਪੈਰਾਂ ਦਾ ਨਿਸ਼ਾਨ ਅਤੇ ਪਿੱਛੇ ਆਦਿਕ ਰਲਦੇ ਮਿਲਦੇ ਅਰਥ ਹਨ।

ਸ਼ਬਦ ਗੁਰੂ ਗ੍ਰੰਥ ਵਿਖੇ "ਖੋਜ" ਦੀ ਵਿਆਖਿਆ-ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸ਼ਾਨੀ ਮਾਹਿ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥(੭੨੭) ਆਪਣੇ ਦਿਲ ਨੂੰ ਹਰ ਵੇਲੇ ਖੋਜ (ਤਲਾਸ਼) ਫਿਰ ਤੂੰ ਬਹਿਸ ਮੁਹਬਾਸੇ ਦੀ ਘਬਰਾਟ 'ਚ ਨਹੀਂ ਭਟਕੇਂਗਾ। ਇਹ ਜਗਤ ਇਕ ਜਾਦੂ ਤਮਾਸ਼ਾ ਹੈ ਇਸ ਚੋਂ ਵਿਅਰਥ ਵਾਦ-ਵਿਵਾਦ ਰਾਹੀ ਹੱਥ ਪੱਲੇ ਪੈਣ ਵਾਲੀ ਕੋਈ ਸ਼ੈ ਨਹੀਂ। ਮਿਲਿ ਸਤ ਸੰਗਤਿ ਖੋਜੁ ਦਸਾਈ॥(੯੪) ਸੱਚੀ ਸੰਗਤ ਦੇ ਸਹਿਯੋਗ ਨਾਲ ਅਸਲ ਖੋਜ ਕੀਤੀ ਜਾ ਸਕਦੀ ਹੈ। ਸਾਗਰੁ ਤਰਿਓ ਬਾਛਰ ਖੋਜ॥ਖੇਦੁ ਨ ਪਾਇਓ ਨਹ ਫੁਨਿ ਰੋਜ॥(੮੯੯) ਜਿਸ ਨੇ ਰੱਬੀ ਨਿਯਮਾਂ ਨੂੰ ਸਮਝਿਆ, ਉਸ ਨੇ ਸੰਸਾਰ ਸਮੁੰਦਰ ਇਉਂ ਤਰ ਲਿਆ ਜਿਵੇਂ ਪਾਣੀ ਨਾਲ ਭਰੇ ਬਾਛਰ (ਵੱਛੇ ਦੇ ਖੁਰ) ਦਾ ਨਿਸ਼ਾਨ ਤਰਨਾ ਹੋਵੇ। ਉਸ ਨੂੰ ਕੋਈ ਦੁੱਖ ਤੇ ਚਿੰਤਾ ਫਿਕਰ ਨਹੀਂ ਪੋਂਹਦਾ। ਹਮ ਅਪਤਹ ਅਪੁਨੀ ਪਤਿ ਖੋਈ॥ਹਮਰੈ ਖੋਜਿ ਪਰਹੁ ਮਤਿ ਕੋਈ॥(੩੨੪) ਮੈ ਨਿਸੰਗ ਹੋ ਗਿਆ ਹਾਂ ਤੇ ਮੈਨੂੰ ਇਹ ਪ੍ਰਵਾਹ ਨਹੀਂ ਕੋਈ ਮਨੁੱਖ ਮੇਰੀ ਇਜ਼ਤ ਕਰੇ, ਲੋਕਾਂ ਨੂੰ ਜਗਤ 'ਚ ਮਾਨ ਵਡਿਆਈ ਦਾ ਖਿਆਲ ਹੈ ਪਰ ਜਿਸ ਰਾਹੇ ਮੈਂ ਪਿਆ ਹਾਂ ਉਸ ਰਾਹੇ ਮੇਰੇ ਪਿੱਛੇ ਮਤਾਂ ਕੋਈ ਤੁਰੇ। ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥(੫੨੦) ਸੰਸਾਰ ਨਦੀ ਵਿੱਚ ਤਰਦੀ ਦਾ ਮੇਰਾ ਖੋਜੁ (ਪੈਰ) ਮੋਹ ਦੇ ਚਿੱਕੜ 'ਚ ਨਹੀਂ ਖੁੱਭਦਾ ਕਿਉਂਕਿ ਮੇਰੇ ਹਿਰਦੇ 'ਚ ਤੇਰੀ ਪ੍ਰੀਤ ਹੈ।

ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ॥ਸਾਧਸੰਗਿ ਪਰਮ ਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ॥(੭੧੪) ਭਾਵ ਕਈ ਤਰੀਕਿਆਂ ਨਾਲ ਖੋਜ ਕਰ ਕਰ, ਮੈਂ ਕਈ ਗੱਲਾਂ ਵਿਚਾਰ ਕੇ, ਇਸ ਨਤੀਜੇ ਤੇ ਅਪੜਿਆਂ ਹਾਂ ਕਿ ਸ਼ਬਦ ਗੁਰੂ ਗਿਆਨ ਦੀ ਸੰਗਤ 'ਚ ਟਿਕਿਆਂ ਸਭ ਤੋਂ ਉੱਚੀ ਮਾਨਸਿਕ ਅਵਸਥਾ ਪ੍ਰਾਤਪ ਕਰ ਲਈਦੀ ਪਰ ਮਾਇਆ ਮੋਹ ਬੰਧਨ 'ਚ ਫਸ ਕੇ ਮਨੁੱਖਾ ਜਨਮ ਦੀ ਬਾਜੀ ਹਾਰ ਜਾਈਦੀ ਹੈ। ਸ਼ਬਦ ਗੁਰੂ ਗ੍ਰੰਥ ਦੀ ਬਾਣੀ ਦੀ ਖੋਜ ਗਿਆਨ ਨਾਲ ਸਬੰਧਤ ਹੈ-ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ॥(੮੯੩) ਭਾਵ ਰੱਬ ਨਾਲ ਡੂੰਘੀ ਸਾਂਝ ਰੱਖਣ ਵਾਲੇ ਸਤ ਸੰਗੀਓ! ਰੱਬੀ ਖੋਜ ਕਰਦੇ ਰਹੋ। ਸੰਖੇਪ 'ਚ ਸ਼ਬਦ ਗੁਰੂ ਗ੍ਰੰਥ ਦੀ ਬਾਣੀ ਵਿੱਚ, ਖੋਜ ਦਾ ਪ੍ਰਯੋਜਨ ਰੱਬੀ (ਕੁਦਰਤੀ) ਨਿਯਮਾਂ ਦੀ ਤਲਾਸ਼ ਹੈ। ਭਗਤ ਕਬੀਰ ਜੀ ਵੀ ਫੁਰਮਾਂਦੇ ਹਨ ਕਿ-ਖਖਾ ਖੋਜਿ ਪਰੈ ਜਉ ਕੋਈ॥ ਜੋ ਖੋਜੈ ਸੋ ਬਹੁਰ ਨ ਹੋਈ॥ ਜੇ ਕੋਈ ਮਨੁੱਖ ਪ੍ਰਭੂ ਭਾਲ 'ਚ ਰੁੱਝ ਜਾਵੇ, ਉਹ ਮੁੜ ਜੰਮਦਾ ਮਰਦਾ ਨਹੀਂ। ਖੋਜ ਬੂਝਿ ਜਉ ਕਰੈ ਬੀਚਾਰਾ॥ ਤਉ ਭਵਜਲ ਤਰਤ ਨ ਲਾਵੈ ਬਾਰਾ॥(੩੪੨) ਜੇ ਕੋਈ ਜੀਵ ਪ੍ਰਭੂ ਗੁਣਾਂ ਨੂੰ ਸਮਝ ਕੇ ਉਨ੍ਹਾਂ ਦੀ ਵਿਚਾਰ ਕਰਦੈ ਤਾਂ ਸੰਸਾਰ-ਸਮੁੰਦਰ ਤੋਂ ਪਾਰ ਲੰਘਦਿਆਂ ਦੇਰ ਨਹੀਂ ਲਉਂਦਾ। ਇਸ ਵਿਚਾਰ ਨਾਲ ਮੁਕਤੀ ਦਰ ਖੁੱਲ੍ਹ ਜਾਂਦਾ ਤੇ ਰੱਬੀ ਗਿਆਨ ਨਿਯਮਾਂ ਨੂੰ ਪਾ ਲੈਂਦਾ ਹੈ-ਜੋ ਖੋਜੈ ਸੋ ਪਾਵੈ॥(ਸ਼ਬਦ ਗੁਰੂ) "ਖੋਜੀ" ਖੋਜ ਕਰਨ ਵਾਲਾ-ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥ (੧੨੫੫) ਹੇ ਮੇਰੇ ਗੁਰੂ ਕਰਤਾਰ ਮੈਂ ਤੈਥੋਂ ਕੁਰਬਾਨ ਹਾਂ ਕਿਉਂਕਿ ਤੇਰੇ ਨਾਲ ਡੂੰਘੀ ਜਾਣ-ਪਛਾਣ ਦੇ ਯਤਨ ਖੋਜਨ ਵਾਲਾ ਮਨੁੱਖ, ਆਤਮਕ ਜੀਵਨ ਵਿੱਚ ਜਨਮ ਲੈਂਦਾ ਪਰ ਨਿਤ ਮਾਇਆ ਦੇ ਝਗੜੇ ਕਰਨ ਵਾਲਾ ਜੀਵ ਆਤਮਿਕ (ਜਮੀਰਕ) ਮੌਤੇ ਮਰ ਜਾਂਦਾ ਹੈ। ਇਸ ਤੋਂ ਸ਼ਪੱਸ਼ਟ ਹੋ ਜਾਂਦਾ ਹੈ ਕਿ ਸ਼ਬਦ ਗੁਰੂ ਗ੍ਰੰਥ ਦਾ ਪਾਠਕ ਤੇ ਸਿਖਿਆਰਥੀ ਸਿੱਖ, ਖੋਜ ਵਾਸਤੇ ਬੁੱਧੀ ਦੇ ਦਰਵਾਜ਼ੇ ਖੁੱਲ੍ਹੇ ਰੱਖਦਾ ਹੈ। ਹਰ ਰੋਜ਼ ਸਿਖਦਾ, ਸਿਖਾਂਦਾ ਅਤੇ ਖੋਜਦਾ ਹੈ। ਕੁਦਰਤ ਦੇ ਸੰਸਾਰ ਸਮੁੰਦਰ ਚੋਂ ਹਰ ਰੋਜ ਕੁਝ ਨਾ ਕੁਝ ਨਿਤ ਨਵਾਂ ਲੱਭਦਾ ਰਹਿੰਦਾ ਹੈ ਕਿ ਕੀ ਬਾਰਾਈਆਂ ਤੇ ਕੀ ਅਛਾਈਆਂ ਹਨ? ਕੀ ਚੰਗਾ ਤੇ ਕੀ ਮੰਦਾ ਹੈ? ਕੀ ਦੁੱਖ ਤੇ ਕੀ ਸੁੱਖ ਹਨ? ਕੀ ਹਾਨ ਤੇ ਕੀ ਲਾਭ ਹਨ? ਕਿਹੜੀ ਸੇਵਾ ਸਫਲੀ ਤੇ ਕਿਹੜੀ ਵਿਅਰਥ ਹੈ? ਅਮਨ ਸ਼ਾਤੀ ਦੇ ਕੀ ਫਾਇਦੇ ਤੇ ਜੰਗ ਦੇ ਕੀ ਨੁਕਸਾਨ ਹਨ? ਕਿਹੜਾ ਭੋਜਨ ਤੇ ਖੁਰਾਕ ਸਰੀਰ ਲਈ ਚੰਗੇ ਤੇ ਮੰਦੇ ਹਨ? ਰੋਗ ਕਿਉਂ ਲਗਦੇ ਤੇ ਕਿਵੇਂ ਦੂਰ ਕੀਤੇ ਜਾ ਸਕਦੇ ਹਨ? ਵਿਸ਼ੇ ਵਿਕਾਰ ਕੀ ਹਨ ਤੇ ਇਨ੍ਹਾਂ 'ਤੇ ਕਿਵੇਂ ਕਾਬੂ ਪਾਇਆ ਤੇ ਬਚਿਆ ਜਾ ਸਕਦਾ ਹੈ? ਮੋਹ ਮਾਇਆ ਸੰਸਾਰ ਅਤੇ ਘਰ ਪ੍ਰਵਾਰ ਦਾ ਕੀ ਸਬੰਧ ਹੈ? ਆਪਣਾ ਤੇ ਦੂਜਿਆਂ ਦਾ ਜੀਵਨ ਕਿਵੇਂ ਸੁਹੇਲਾ ਹੋਵੇ? ਆਦਿਕ ਇਹ ਸਭ ਖੋਜ ਤੇ ਖੋਜੀ ਦੇ ਵਿਸ਼ੇ ਅਤੇ ਕਾਰਜ ਖੇਤਰ ਹਨ। ਅਜੋਕੇ ਬਹੁਤੇ ਡੇਰੇਦਾਰ ਸੰਪਰਦਾਈ ਅਤੇ ਲਕੀਰ ਦੇ ਫਕੀਰ ਪ੍ਰਚਾਰਕ ਨਵੀਆਂ ਖੋਜਾਂ ਤੇ ਸਾਰਥਕ ਤੱਰਕਾਂ ਦੇ ਵੀ ਵਿਰੋਧੀ ਹਨ। ਉਹ ਵਿਗਿਆਨਕ ਕਾਢਾਂ ਰਾਹੀਂ ਖੋਜ ਕੀਤੇ ਪਦਾਰਥ ਵਰਤਦੇ ਵੀ ਵਿਗਿਆਨ ਦੇ ਨਿੰਦਕ ਹਨ। ਸੋ ਸਿੱਖ ਅੰਧਵਿਸ਼ਵਾਸ਼ੀ ਖੋਜ ਵਿਰੋਧੀ ਨਹੀਂ ਸਗੋਂ ਖੋਜ ਤਲਾਸ਼ੀ ਅਤੇ ਖੋਜੀ ਹੋਣ ਦੇ ਨਾਤੇ ਹਰ ਰੋਜ ਕੁਝ ਨਾ ਕੁਝ ਨਵਾਂ ਸੋਚਦਾ ਤੇ ਖੋਜਦਾ ਹੈ।

# ਆਦਮਜਾਤ 'ਚ ਬਦਲਾਅ ਨਹੀਂ ਹੁੰਦਾ

ਅੰਗ-ਸੰਗ



ਸ਼ਾਮ ਸਿੰਘ
98141-13338

**ਆਦਮਜਾਤ ਦੀ ਜਾਤ ਮਾਂ ਦੀ ਕੁੱਖ ਹੈ, ਜਿਸ ਦੀ ਕੋਈ ਜਾਤ ਨਹੀਂ ਹੁੰਦੀ। ਮਾਵਾਂ ਦੀ ਕੁੱਖ ਵਿਚ ਸਮਾਨਤਾ ਹੈ, ਜਿੱਥੇ ਬਣਦਾ, ਪਲਦਾ ਜੀਵ ਬੱਚੇ ਦੇ ਰੂਪ ਵਿਚ ਇੱਕ ਸੁੰਦਰ ਨਗੀਨੇ ਦਾ ਰੂਪ ਧਾਰ ਕੇ ਉਨ੍ਹਾਂ ਸਾਰੇ ਅੰਗਾਂ ਸਮੇਤ ਬਾਹਰ ਆਉਂਦਾ ਹੈ, ਜਿਹੜੇ ਦੂਜਿਆਂ ਦੇ ਸਮਾਨ ਹੁੰਦੇ ਹੋਏ ਵੱਖਰੇ ਨਹੀਂ ਹੁੰਦੇ। ਫੇਰ ਰਹਿਣ ਵਾਲੀਆਂ ਥਾਂਵਾਂ ਅਤੇ ਮਾਪਿਆਂ ਮੁਤਾਬਕ ਵਖਰੇਵੇਂ ਕਰਕੇ ਦੇਖਣਾ ਨਿਆਂਪੂਰਨ ਨਹੀਂ। ਜਿਹੜੇ ਅਸਮਾਨਤਾ ਪੈਦਾ ਕਰਦੇ ਹਨ, ਉਹ ਮਾਂ ਦੀ ਕੁੱਖ ਦਾ ਅਪਮਾਨ ਕਰਦੇ ਹਨ ਅਤੇ ਕੁਦਰਤ ਦਾ ਵੀ।**

ਰਿਸ਼ੀ-ਮੁਨੀਆਂ ਦਾ ਅੰਤ ਨਹੀਂ, ਕਿੰਨੇ ਪੀਰ-ਪੈਗੰਬਰ ਹੋ ਗਏ ਅਤੇ ਕਿੰਨੇ ਭਗਤ ਗੁਰੂ, ਜਿਨ੍ਹਾਂ ਆਪੋ-ਆਪਣੇ ਵਿਚਾਰਾਂ ਨਾਲ ਮਨੁੱਖ 'ਚ ਤਬਦੀਲੀ ਲਿਆਉਣ ਦਾ ਜਤਨ ਕੀਤਾ, ਜੋ ਮਿੱਥੇ ਟੀਚਿਆ ਤੱਕ ਨਹੀਂ ਆਈ। ਸਭ ਨੇ ਆਪਣੇ ਸੰਜਮ, ਅਨੁਸ਼ਾਸਨ ਅਤੇ ਕੁੱਲ ਵਿਹਾਰ ਨਾਲ ਮਨੁੱਖ ਨੂੰ ਮਨੁੱਖੀ-ਬਰਾਬਰੀ ਦਾ ਸੰਦੇਸ਼ ਦਿੱਤਾ, ਪਰ ਮਨੁੱਖ ਜਿੱਥੋਂ ਤੁਰਿਆ ਸੀ, ਉੱਥੇ ਦਾ ਉੱਥੇ ਹੀ ਖੜ੍ਹਾ ਰਹਿ ਗਿਆ। ਜੇ ਕਿਸੇ ਵਿੱਚ ਮਾੜੀ-ਮੋਟੀ ਬਦਲਾਅ ਦੀ ਭਾਵਨਾ ਜਾਗੀ, ਉਹ ਵੀ ਪੂਛ ਦਬਾ ਕੇ ਬੈਠ ਗਿਆ। ਇਸ ਦਾ ਕਾਰਨ ਇਹ ਸੀ ਕਿ ਧਾਰਮਿਕ ਸਥਾਨ 'ਚ ਧਾਰਮਿਕ ਹੋਣ ਦਾ ਨਾਟਕ ਤਾਂ ਕੀਤਾ ਜਾਂਦਾ ਰਿਹਾ, ਪਰ ਬਾਹਰ ਨਿਕਲਦਿਆਂ ਹੀ ਮਨੁੱਖ ਵਿੱਚ ਹਉਮੈ ਦੇ ਫੁੰਕਾਰੇ ਵੱਜਦੇ ਨਜ਼ਰ ਆਏ।

ਮਨੁੱਖ ਨੂੰ ਆਪਣੀ ਮਰਜ਼ੀ ਮੁਤਾਬਕ ਜੀਣਾ ਨਹੀਂ ਆਇਆ, ਕਿਉਂਕਿ ਉਹ ਸੁਤੰਤਰ ਹੁੰਦਾ ਹੋਇਆ ਵੀ ਸਮਾਜ ਦੇ ਫ਼ਜ਼ੂਲ ਬੰਧਨਾਂ ਤੋਂ ਮੁਕਤ ਨਹੀਂ। ਇੱਕਵੀਂ ਸਦੀ ਤੱਕ ਪਹੁੰਚਦਿਆਂ ਵੀ ਆਦਮਜਾਤ ਨੂੰ ਇਹ ਸਮਝ ਨਹੀਂ ਆਈ ਕਿ ਜੇ ਬਹੁਤ ਸਾਰੇ ਮੁਲਕਾਂ ਦਾ ਧਰਮ ਬਿਨਾਂ ਕੰਮ ਚੱਲੀ ਜਾਂਦਾ, ਜਾਤ-ਪਾਤ ਬਿਨਾਂ ਸਰੀ ਜਾਂਦਾ ਤਾਂ ਭਾਰਤ ਦਾ ਵਸਨੀਕ ਇਨ੍ਹਾਂ ਪਾਸਿਆਂ ਦੀ ਖਿੜਕੀ ਕਿਉਂ ਨਹੀਂ ਖੋਲ੍ਹਦਾ, ਜਿਸ 'ਚੋਂ ਗਿਆਨ ਦੀ ਤਾਜ਼ੀ ਹਵਾ ਦੀ ਆਸ ਬੱਝੇਗੀ।

ਅਸਲ ਵਿੱਚ ਈਰਖਾ, ਨਫ਼ਰਤ, ਸਾੜਾ ਅਤੇ ਅਣ-ਬਰਾਬਰੀ ਦੀ ਭਾਵਨਾ ਮਨੁੱਖ ਦਾ ਪਿੱਛਾ ਨਹੀਂ ਛੱਡਦੇ, ਜਿਸ ਕਾਰਨ ਆਦਮਜਾਤ ਇਨ੍ਹਾਂ ਦੀਆਂ ਸੰਗਲੀਆਂ ਵਿੱਚ ਜਕੜਿਆ ਹੋਇਆ ਬਾਹਰ ਵੱਲ ਨਾ ਦੇਖਦਾ ਹੈ ਅਤੇ ਨਾ ਸੋਚਦਾ। ਗੁਆਂਢੀ ਨਾਲ ਰਿਸ਼ਤਾ ਰਵਾਂ ਨਹੀਂ ਰੱਖਦਾ। ਦੂਜਿਆਂ ਨਾਲ ਤਾਂ ਕੀ ਆਪਣੇ-ਆਪ ਨਾਲ ਵੀ ਮੁਹੱਬਤ ਨਹੀਂ ਕਰਦਾ, ਜਿਸ ਕਰਕੇ ਰੁੱਖੇ ਜਿਹੇ ਸੁਭਾਅ ਵਿੱਚ ਉਹ ਕੁਝ ਕਰਦਾ ਰਹਿੰਦਾ ਹੈ, ਜੋ ਠੀਕ ਨਹੀਂ ਹੁੰਦਾ, ਜਿਸ ਦੀ ਲੋੜ ਹੀ ਨਹੀਂ ਹੁੰਦੀ। ਉਹ ਸਮਾਜ ਮੁਤਾਬਕ ਜੀਊਂਦਾ ਹੈ, ਆਪਣੇ ਤੌਰ 'ਤੇ ਰਹਿਣ-ਸਹਿਣ ਦੀ ਜਾਂਚ ਹੀ ਨਹੀਂ ਸਿੱਖਦਾ।

ਆਦਮਜਾਤ ਦੀ ਜਾਤ ਮਾਂ ਦੀ ਕੁੱਖ ਹੈ, ਜਿਸ ਦੀ ਕੋਈ ਜਾਤ ਨਹੀਂ ਹੁੰਦੀ। ਮਾਵਾਂ ਦੀ ਕੁੱਖ ਵਿੱਚ ਸਮਾਨਤਾ ਹੈ, ਜਿੱਥੇ ਬਣਦਾ, ਪਲਦਾ ਜੀਵ ਬੱਚੇ ਦੇ ਰੂਪ ਵਿੱਚ ਇੱਕ ਸੁੰਦਰ ਨਗੀਨੇ ਦਾ ਰੂਪ ਧਾਰ ਕੇ ਉਨ੍ਹਾਂ ਸਾਰੇ ਅੰਗਾਂ ਸਮੇਤ ਬਾਹਰ ਆਉਂਦਾ ਹੈ, ਜਿਹੜੇ ਦੂਜਿਆਂ ਦੇ ਸਮਾਨ ਹੁੰਦੇ ਹੋਏ ਵੱਖਰੇ ਨਹੀਂ ਹੁੰਦੇ। ਫੇਰ ਰਹਿਣ ਵਾਲੀਆਂ ਥਾਂਵਾਂ ਅਤੇ ਮਾਪਿਆਂ ਮੁਤਾਬਕ ਵਖਰੇਵੇਂ ਕਰਕੇ ਦੇਖਣਾ ਨਿਆਂਪੂਰਨ ਨਹੀਂ। ਜਿਹੜੇ ਅਸਮਾਨਤਾ ਪੈਦਾ ਕਰਦੇ ਹਨ, ਉਹ ਮਾਂ ਦੀ ਕੁੱਖ ਦਾ ਅਪਮਾਨ ਕਰਦੇ ਹਨ ਅਤੇ ਕੁਦਰਤ ਦਾ ਵੀ।

ਆਦਮਜਾਤ ਵਿੱਚ ਬਦਲਾਅ ਇਸ ਲਈ ਵੀ ਨਹੀਂ ਆਉਂਦਾ, ਕਿਉਂਕਿ ਸਮਾਜ ਵਿੱਚ ਸਦੀਆਂ ਤੋਂ ਪਈਆਂ ਲੀਹਾਂ ਬਦਲਣ ਲਈ ਤਿਆਰ ਨਹੀਂ। ਵੱਖ-ਵੱਖ ਵਰਗਾਂ ਦੇ ਨੇਤਾ ਵਰਗਾਂ 'ਚ ਸਾਂਝੀਵਾਲਤਾ ਪੈਦਾ ਕਰਨ ਦੇ ਰਾਹ ਨਹੀਂ ਪੈਂਦੇ, ਕਿਉਂਕਿ ਉਹ ਆਪਣੀ ਚੌਧਰ ਕਾਇਮ ਰੱਖਣ ਲਈ ਲੋਕਾਂ ਵਿੱਚ ਵੰਡਾਂ ਵੀ ਪਾਉਂਦੇ ਹਨ ਅਤੇ ਖਾਈਆਂ ਵੀ। ਸਿਆਸੀ ਨੇਤਾ ਤਾਂ ਅਜਿਹਾ ਕਰਦੇ ਹੀ ਹਨ, ਨਾਲ ਦੀ ਨਾਲ ਧਾਰਮਿਕ ਆਗੂ ਵੀ ਧਰਮ ਦੀ ਰੂਹ ਦੇ ਵਿਰੁੱਧ ਚੱਲਦੇ ਹੋਏ ਉਹ ਕੁਝ ਕਰਦੇ ਰਹਿੰਦੇ ਹਨ, ਜੋ ਧਰਮ ਦੇ ਫੈਲਾਅ ਲਈ ਵੰਡਾਂ ਨੂੰ ਜਰਬ ਦਿੰਦੇ ਰਹਿੰਦੇ ਹਨ, ਤਾਂ ਜੋ ਉਨ੍ਹਾਂ ਦਾ ਮੰਡਾ-ਪੂੜਾ ਖੂਬ ਚੱਲਦਾ ਰਹੇ ਅਤੇ ਕਾਇਮ ਵੀ ਰਹੇ।

ਰਾਜਨੀਤੀਵਾਨ ਇੱਕ ਪਾਸੇ ਜਾਤਪਾਤ ਦਾ ਵਿਰੋਧ ਕਰਦੇ ਹੋਏ ਭਾਸ਼ਣਾਂ ਦਾ ਰਾਸ਼ਣ ਖ਼ਤਮ ਨਹੀਂ ਹੋਣ ਦਿੰਦੇ, ਪਰ ਦੂਜੇ ਪਾਸੇ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਜਾਤਪਾਤ ਅਤੇ ਫ਼ਿਰਕਾਪ੍ਰਸਤੀ ਦਾ ਭਰਪੂਰ ਸਹਾਰਾ ਲੈਣ ਦਾ ਉਪਰਾਲਾ ਕਰਦੇ ਹਨ, ਤਾਂ ਕਿ ਲੋਕਾਂ ਦੀ ਇਸ ਤਰ੍ਹਾਂ ਦੀ ਭਾਵਨਾ ਦਾ ਪੂਰਾ ਫਾਇਦਾ ਲਿਆ ਜਾ ਸਕੇ। ਸਿਆਸੀ ਨੇਤਾਵਾਂ ਦੀ ਇਸ ਦੋਗਲੀ ਨੀਤੀ ਨੇ ਫ਼ਿਰਕਾਪ੍ਰਸਤੀ ਦੀ ਪੁਸ਼ਤ-ਪਨਾਹੀ ਕੀਤੀ ਹੈ ਅਤੇ ਮਾਨਵਤਾ ਦੇ ਅੰਬਰਾਂ ਦੇ ਨਿੰਬਲ ਨਹੀਂ ਹੋਣ ਦਿੱਤਾ।

ਹੱਦ ਤਾਂ ਉਦੋਂ ਹੋ ਜਾਂਦੀ ਹੈ, ਜਦ ਚੋਣਾਂ ਦੇ ਵਕਤ ਮੀਡੀਆ ਇਹ ਦੱਸਣ, ਲਿਖਣ ਵਿੱਚ ਇੱਕ-ਦੂਜੇ ਤੋਂ ਅੱਗੇ ਹੁੰਦਾ ਹੈ ਕਿ ਕਿਸ ਲੋਕ ਸਭਾ ਹਲਕੇ ਵਿੱਚ ਕਿਹੜੀਆਂ-ਕਿਹੜੀਆਂ ਜਾਤਾਂ ਦੇ ਲੋਕ ਹਨ ਅਤੇ ਉਨ੍ਹਾਂ ਦੇ ਕਿੰਨੇ ਕਿੰਨੇ ਵੋਟਰ। ਸਿਆਸੀ ਮਾਹਰ ਵੀ ਏਹੀ ਆਧਾਰ ਬਣਾ ਕੇ ਅਨੁਮਾਨ ਲਾਉਂਦੇ ਹਨ ਅਤੇ ਵਿਸ਼ਲੇਸ਼ਣ ਵੀ ਕਰਦੇ ਹਨ, ਤਾਂ ਕਿ ਹਰ ਜਾਤ ਦੇ ਵੋਟਰਾਂ ਨੂੰ ਜਾਣਕਾਰੀ ਦੇ ਕੇ ਆਪਣੀ ਪਸੰਦ ਦੇ ਉਮੀਦਵਾਰ ਦੇ ਹੱਕ ਵਿੱਚ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਹ ਕੋਈ ਚੰਗੀ ਗੱਲ ਨਹੀਂ, ਪਰ ਇਸ 'ਤੇ ਕਿਸੇ ਲਈ ਕੋਈ ਪਾਬੰਦੀ ਨਹੀਂ।

ਪੜ੍ਹ-ਲਿਖ ਜਾਣ ਬਾਅਦ ਬੰਦਾ ਸਭਿਅਕ ਹੋ ਗਿਆ ਹੋਣਾ ਚਾਹੀਦਾ ਸੀ, ਪਰ ਅਜਿਹਾ ਹੋਇਆ ਨਹੀਂ। ਸਭਿਅਕ ਹੋ ਕੇ ਸਮਾਜ ਹੋਰ ਜਾਤਪਾਤੀ ਹੋ ਗਿਆ, ਧਨ-ਦੌਲਤ ਵੱਲ ਹੋਰ ਵੀ ਵੱਧ ਖਿੱਚਿਆ ਗਿਆ ਅਤੇ ਨਫ਼ਰਤ ਵਿੱਚ ਧਸ ਕੇ ਰਹਿ ਗਿਆ, ਜਿਸ ਕਾਰਨ ਉਸ ਵਿੱਚ ਬਦਲਾਅ ਨਹੀਂ ਆ ਸਕਿਆ।

ਧਾਰਮਿਕ ਸਥਾਨਾਂ 'ਤੇ ਜਾਣਾ ਅਤੇ ਧਾਰਮਿਕ ਪਹਿਰਾਵਾ ਪਾਣ ਨਾਲ ਹੀ ਨਹੀਂ ਸਰਨਾ, ਸਗੋਂ ਗੁਰੂਆਂ-ਪੀਰਾਂ ਦੇ ਵਿਚਾਰਾਂ 'ਤੇ ਅਮਲ ਕਰ ਕੇ ਹੀ ਆਦਮਜਾਤ ਦੇ ਜੀਵਨ ਵਿੱਚ ਬਦਲਾਅ ਆ ਸਕਦਾ ਹੈ। ਜਿਸ ਲਈ ਸਾਰੇ ਜਤਨ ਕਰਨ ਤਾਂ ਇਹ ਛੇਤੀ ਹੀ ਹੋ ਸਕਦੈ।

(ਬਾਕੀ ਸਫਾ 17 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪਹਿਲੇ ਗੇੜ ਲਈ ਰਾਜ ਬੱਬਰ, ਹੇਮਾ, ਗਡਕਰੀ ਅਤੇ ਫਾਰੂਕ ਸਮੇਤ ਕਈ ਆਗੂਆਂ ਵੱਲੋਂ ਪਰਚੇ ਦਾਖ਼ਲ

**ਨਵੀਂ ਦਿੱਲੀ–** ਲੋਕ ਸਭਾ ਚੋਣਾਂ ਦੇ ਪਹਿਲੇ ਗੇੜ (11 ਅਪਰੈਲ) ਲਈ ਨਾਮਜ਼ਦਗੀਆਂ ਭਰਨ ਦੇ ਅੰਤਿਮ ਦਿਨ ਉਮੀਦਵਾਰਾਂ ’ਚ ਭਾਰੀ ਜੋਸ਼ ਦੇਖਣ ਨੂੰ ਮਿਲਿਆ। ਉਧਰ ਦੂਜੇ ਗੇੜ (18 ਅਪਰੈਲ) ਲਈ ਨਾਮਜ਼ਦਗੀਆਂ ਭਰਨ ਦਾ ਕੰਮ ਵੀ ਤੇਜ਼ ਹੋ ਗਿਆ ਹੈ। ਵੱਖ ਵੱਖ ਪਾਰਟੀਆਂ ਦੇ ਸੀਨੀਅਰ ਆਗੂਆਂ ਵੱਲੋਂ ਅੱਜ ਪਰਚੇ ਦਾਖ਼ਲ ਕੀਤੇ ਗਏ।

ਕਾਂਗਰਸ ਦੇ ਰਾਜ ਬੱਬਰ ਨੇ ਫਤਿਹਪੁਰ ਸੀਕਰੀ (ਯੂਪੀ), ਭਾਜਪਾ ਦੀ ਹੇਮਾ ਮਾਲਿਨੀ ਅਤੇ ਰਾਸ਼ਟਰੀ ਲੋਕਦਲ ਦੇ ਨਰੇਂਦਰ ਸਿੰਘ ਨੇ ਮਥੁਰਾ (ਯੂਪੀ) ਅਤੇ ਨਿਤਿਨ ਗਡਕਰੀ ਨੇ ਨਾਗਪੁਰ, ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲਾ ਨੇ ਸ੍ਰੀਨਗਰ ਅਤੇ ਡੀਐਮਕੇ ਦੀ ਕਨਮੋੜੀ ਨੇ ਟੂਟੀਕੋਰਨ ਤੋਂ ਆਪਣੀਆਂ ਨਾਮਜ਼ਦਗੀਆਂ ਦਾਖ਼ਲ ਕੀਤੀਆਂ। ਬਿਹਾਰ ’ਚ ਪਹਿਲੇ ਗੇੜ ਦੀਆਂ ਚੋਣਾਂ ਦੇ ਅੱਜ ਪਰਚੇ ਭਰਨ ਦੇ ਆਖਰੀ ਦਿਨ 60 ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰੀਆਂ। ਇਥੋਂ ਦੀਆਂ ਚਾਰ ਸੀਟਾਂ ’ਤੇ 11 ਅਪਰੈਲ ਨੂੰ ਵੋਟਾਂ ਪੈਣੀਆਂ ਹਨ। ਭਾਜਪਾ ਦੀ ਭਾਈਵਾਲ ਲੋਕ ਜਨਸ਼ਕਤੀ ਪਾਰਟੀ ਦੇ ਮੁਖੀ ਰਾਮ ਵਿਲਾਸ ਪਾਸਵਾਨ ਦੇ ਪੁੱਤਰ ਚਿਰਾਗ ਪਾਸਵਾਨ ਅਤੇ ਹਿੰਦੁਸਤਾਨੀ ਅਵਾਮ ਮੋਰਚਾ ਦੇ ਜੀਤਨ ਰਾਮ ਮਾਂਝੀ ਪਰਚੇ



ਭਰਨ ਵਾਲਿਆਂ ’ਚ ਸ਼ਾਮਲ ਰਹੇ। ਮੇਘਾਲਿਆ ’ਚ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸ ਆਗੂ ਮੁਕੁਲ ਸੰਗਮਾ ਨੇ ਤੁਰਾ ਸੀਟ ਲਈ ਪਰਚੇ ਭਰੇ।

ਮੇਘਾਲਿਆ ’ਚ ਲੋਕ ਸਭਾ ਦੀਆਂ ਦੋ ਸੀਟਾਂ ਹਨ ਅਤੇ ਇਥੇ 11 ਅਪਰੈਲ ਨੂੰ ਵੋਟਾਂ ਪੈਣ-ਗੀਆਂ। ਤੁਰਾ ਸੀਟ ’ਤੇ ਤਿਕੋਣਾ ਮੁਕਾਬਲਾ ਹੈ ਜਿਥੋਂ ਹੁਕਮਰਾਨ ਨੈਸ਼ਨਲ ਪੀਪਲਜ਼ ਪਾਰਟੀ ਦੇ ਅਗਾਥਾ ਕੇ ਸੰਗਮਾ ਅਤੇ ਭਾਜਪਾ ਦੇ ਰਿਕਮੈਨ ਵੀ ਉਮੀਦਵਾਰ ਹਨ। ਸ਼ਿਲਾਂਗ ਤੋਂ ਭਾਜਪਾ ਵਿਧਾਇਕ ਸਨਬੋਰ ਸ਼ੁਲਾਈ ਉਮੀਦਵਾਰ ਹਨ।

ਤਿਲੰਗਾਨਾ ’ਚ 17 ਸੀਟਾਂ ਲਈ ਕੁੱਲ 699 ਨਾਮਜ਼ਦਗੀਆਂ ਭਰੀਆਂ ਗਈਆਂ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਐਨ ਉੱਤਮ ਕੁਮਾਰ ਰੈਡੀ (ਨਾਲਗੋਂਡਾ), ਏ ਆਈ ਐਮ ਆਈ ਐਮ ਮੁਖੀ ਅਸਦੂਦੀਨ ਓਵਾਇਸੀ (ਹੈਦਰਾਬਾਦ), ਸਾਬਕਾ ਕੇਂਦਰੀ ਮੰਤਰੀ ਰੇਣੂਕਾ ਚੌਧਰੀ (ਖੰਮਾਮ), ਟੀਆਰਐਸ ਆਗੂ ਅਤੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਦੀ ਧੀ ਕੇ ਕਵਿਤਾ (ਨਿਜ਼ਾਮਾਬਾਦ) ਆਦਿ ਅਹਿਮ ਉਮੀਦਵਾਰਾਂ ਨੇ ਪਰਚੇ ਦਾਖ਼ਲ ਕੀਤੇ। ਮਨੀਪੁਰ ਦੀਆਂ ਦੋ ਸੀਟਾਂ ਲਈ ਵੀ ਭਾਜਪਾ ਅਤੇ ਕਾਂਗਰਸ ਉਮੀਦਵਾਰਾਂ ਨੇ ਪਰਚੇ ਭਰੇ।

# ਅਕਾਲੀ ਦਲ ਵੱਲੋਂ ਸੁਖਬੀਰ ਤੇ ਹਰਸਿਮਰਤ ਦੋਹਾਂ ਨੂੰ ਚੋਣ ਮੈਦਾਨ ’ਚ ਉਤਾਰਨ ’ਤੇ ਵਿਚਾਰ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਸੰਸਦੀ ਚੋਣਾਂ ਨੂੰ ਲੈ ਕੇ ਦੋ ਸੰਸਦੀ ਹਲਕਿਆਂ ਲੁਧਿਆਣਾ ਅਤੇ ਫ਼ਰੀਦਕੋਟ ਤੋਂ ਬਿਨਾਂ ਬਾਕੀ ਹਲਕਿਆਂ ਤੋਂ ਉਮੀਦਵਾਰਾਂ ਦੇ ਨਾਮ ਲਗਪਗ ਤੈਅ ਕਰ ਲਏ ਹਨ। ਪਾਰਟੀ ਦੀ ਨਵੀਂ ਰਣਨੀਤੀ ਮੁਤਾਬਕ ਬਾਦਲ ਪਰਿਵਾਰ ਦੇ ਦੋਹਾਂ ਅਹਿਮ ਮੈਂਬਰਾਂ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੂੰ ਹੀ ਮੈਦਾਨ ਵਿੱਚ ਉਤਾਰਨ ਦਾ ਫੈਸਲਾ ਕੀਤਾ ਗਿਆ ਹੈ।

ਅਕਾਲੀ ਦਲ ਦੇ ਸੂਤਰਾਂ ਦਾ ਦੱਸਣਾ ਹੈ ਕਿ ਸੀਨੀਅਰ ਆਗੂਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਸਿੱਟਾ ਕੱਢਿਆ ਗਿਆ ਹੈ ਕਿ ਪਾਰਟੀ ਨੂੰ ਮੁੜ ਤੋਂ ਖੜ੍ਹੀ ਕਰਨ ਅਤੇ ਲੋਕਾਂ ਵਿੱਚ ਮਜ਼ਬੂਤ ਆਧਾਰ ਬਣਾਉਣ ਲਈ ਸੁਖਬੀਰ ਸਿੰਘ ਬਾਦਲ ਨੂੰ ਸੁਰੱਖਿਅਤ ਸਮਝੇ ਜਾਂਦੇ ਹਲਕੇ ਫਿਰੋਜ਼ਪੁਰ ਤੋਂ ਚੋਣ ਲੜਾਈ ਜਾਵੇ ਤੇ ਹਰਸਿਮਰਤ ਕੌਰ ਬਾਦਲ ਆਪਣੇ ਪਹਿਲੇ ਹਲਕੇ ਬਠਿੰਡਾ ਤੋਂ ਹੀ ਚੋਣ ਲੜਨ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਦੱਸਿਆ ਕਿ ਅਕਾਲੀ ਦਲ ਅੰਦਰ ਜਿਨ੍ਹਾਂ ਨਾਵਾਂ ’ਤੇ ਹੁਣ ਤੱਕ ਸਹਿਮਤੀ ਬਣ ਚੁੱਕੀ ਹੈ। ਉਨ੍ਹਾਂ ਵਿੱਚ ਫਿਰੋਜ਼ਪੁਰ ਹਲਕੇ ਤੋਂ , ਫ਼ਤਿਹਗੜ੍ਹ ਸਹਿਬ ਤੋਂ ਦਰਬਾਰਾ ਸਿੰਘ ਗੁਰੂ ਸ਼ਾਮਲ ਹਨ। ਬੀਬੀ ਜਗੀਰ ਕੌਰ ਨੂੰ ਖਡੂਰ ਸਾਹਿਬ ਅਤੇ ਚਰਨਜੀਤ ਸਿੰਘ ਅਟਵਾਲ ਨੂੰ ਜਲੰਧਰ ਤੋਂ ਪਹਿਲਾਂ ਹੀ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ। ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਲੁਧਿਆਣਾ ਅਤੇ ਫ਼ਰੀਦਕੋਟ ਤੋਂ ਉਮੀਦਵਾਰ ਦੀ ਚੋਣ ਸਬੰਧੀ ਕਸ਼ਮਕਸ਼ ਜਾਰੀ ਹੈ। ਪਾਰਟੀ ਆਗੂਆਂ ਦਾ ਇਹ ਵੀ ਦੱਸਣਾ ਹੈ ਕਿ ਕਾਂਗਰਸ ਦੀ ਰਣਨੀਤੀ ਦੇਖ ਕੇ ਉਮੀਦਵਾਰਾਂ ’ਚ



ਤਬਦੀਲੀ ਕੀਤੇ ਜਾਣ ਦੇ ਆਸਾਰ ਹਨ ਉਂਜ ਇਸ ਸਮੇਂ ਤੱਕ ਉਕਤ ਨਾਮ ਤੈਅ ਹਨ।

ਪੰਜਾਬ ਦੀ ਸੱਤਾ ’ਤੇ ਇੱਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਸਭ ਤੋਂ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹਾ ਦਿਖਾਈ ਦੇ ਰਿਹਾ ਹੈ। ਪਾਰਟੀ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਸੁਖਬੀਰ ਸਿੰਘ ਬਾਦਲ ਨੂੰ ਚੋਣ ਮੈਦਾਨ ’ਚ ਉਤਾਰਨ ’ਤੇ ਵਿਚਾਰ ਕੀਤਾ ਗਿਆ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਦਲ ਦੇ ਪ੍ਰਧਾਨ ਚੋਣ ਮੈਦਾਨ ਵਿੱਚ ਹੋਣਗੇ ਉਸ ਨਾਲ ਕਈ ਤਰ੍ਹਾਂ ਦੇ ਸਮੀਕਰਨ ਬਦਲਣ ਦਾ ਅਨੁਮਾਨ ਹੈ। ਅਕਾਲੀ ਦਲ ਦੇ ਅਨੁਮਾਨਾਂ ਮੁਤਾਬਕ ਸਭ ਤੋਂ ਪਹਿਲਾਂ ਤਾਂ ਕਾਂਗਰਸ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ ਤੇ ਹਾਕਮ ਧਿਰ ਦੀ ਸ਼ਕਤੀ ਨੂੰ ਦੋ ਸੰਸਦੀ ਹਲਕਿਆਂ ਬਠਿੰਡਾ ਤੇ ਫਿਰੋਜ਼ਪੁਰ ਦੁਆਲੇ ਹੀ ਕੇਂਦਰਤ ਕਰਕੇ ਹੋਰਨਾਂ ਹਲਕਿਆਂ ਅੰਦਰ ਪਾਰਟੀ ਦੀ ਸਥਿਤੀ ਮਜ਼ਬੂਤ ਹੋ ਸਕਦੀ ਹੈ। ਇਸੇ ਤਰ੍ਹਾਂ ਦੂਜਾ ਪੱਖ ਇਹ ਹੈ ਕਿ ਪਾਰਟੀ ਕਾਡਰ ਵਿੱਚ ਜੋਸ਼ ਭਰਿਆ ਜਾਵੇਗਾ। ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਬੇਅਦਬੀ ਅਤੇ ਗੋਲੀ ਕਾਂਡ ਦੇ ਪ੍ਰਛਾਵਿਆਂ ਕਾਰਨ ਦਿਹਾਤੀ ਖੇਤਰ ਵਿਚਲਾ ਵਰਕਰ ਪਿਛਲੇ ਸਮੇਂ ਤੋਂ ਮਾਯੂਸੀ ’ਚ ਹੈ। ਅਕਾਲੀ ਦਲ ਆਗਾਮੀ ਸੰਸਦੀ ਚੋਣਾਂ ਦੌਰਾਨ ਕਰੋ ਜਾਂ ਮਰੋ ਦੀ ਲੜਾਈ ਲੜਨ ਦੇ ਰੌਂਅ ’ਚ ਹੈ ਕਿਉਂਕਿ ਪਾਰਟੀ ਅੰਦਰ ਇਹ ਵੀ ਮੰਨਿਆ ਜਾਂਦਾ ਹੈ ਕਿ ਜੇਕਰ ਸੰਸਦੀ ਚੋਣਾਂ ਦੌਰਾਨ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਾ ਦਿਖਾਈ ਜਾ ਸਕੀ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ ਵੀ ਹੱਥੋਂ ਜਾ ਸਕਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਦਾਅਵਾ ਹੈ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਉਮੀਦਵਾਰਾਂ ਸਬੰਧੀ ਫੈਸਲਾ ਸ਼੍ਰੋਮਣੀ ਕਮੇਟੀ ਮੈਂਬਰਾਂ, ਸਰਕਲ ਪ੍ਰਧਾਨਾਂ, ਜ਼ਿਲ੍ਹਾ ਜਥੇਦਾਰਾਂ ਅਤੇ ਹਲਕਾ ਇੰਚਾਰਜਾਂ ਨਾਲ ਮੀਟਿੰਗਾਂ ਕਰਕੇ ਕੀਤਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਜਿਨ੍ਹਾਂ ਆਗੂਆਂ ਨੂੰ ਉਮੀਦਵਾਰ ਬਨਾਉਣ ਬਾਰੇ ਸਰਬਸੰਮਤੀ ਬਣੀ ਅਜਿਹੇ ਉਮੀਦਵਾਰਾਂ ਦੇ ਨਾਵਾਂ ਨੂੰ ਹੀ ਅੰਤਿਮ ਰੂਪ ਦਿੱਤਾ ਗਿਆ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਲੁਧਿਆਣਾ ਤੋਂ ਮਹੇਸ਼ਇੰਦਰ ਸਿੰਘ ਗਰੇਵਾਲ, ਸ਼ਰਨਜੀਤ ਸਿੰਘ ਢਿੱਲੋਂ ਅਤੇ ਰਣਜੀਤ ਸਿੰਘ ਢਿੱਲੋਂ ਦੇ ਨਾਮ ’ਤੇ ਵਿਚਾਰ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਫ਼ਰੀਦਕੋਟ ਲਈ ਵੀ ਜਸਟਿਸ (ਸੇਵਾ ਮੁਕਤ) ਨਿਰਮਲ ਸਿੰਘ, ਜੋਗਿੰਦਰ ਸਿੰਘ ਪੰਜਗਰਾਈਂ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਕਾਲੀ ਦਲ ਵੱਲੋਂ ਇਸ ਰਾਖਵੇਂ ਹਲਕੇ ਲਈ ਕੁੱਝ ਹੋਰਨਾਂ ਨਾਵਾਂ ’ਤੇ ਵੀ ਚਰਚਾ ਕੀਤੀ ਜਾ ਰਹੀ ਹੈ। ਅਕਾਲੀ ਦਲ ਵੱਲੋ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਤਹਿਤ 10 ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਣੇ ਹਨ। ਇਸ ਤਰ੍ਹਾਂ ਨਾਲ ਸਥਿਤੀ ਸਪੱਸ਼ਟ ਹੈ ਕਿ 8 ਸੰਸਦੀ ਹਲਕਿਆਂ ਤੋਂ ਪਾਰਟੀ ਨੇ ਉਮੀਦਵਾਰਾਂ ਦੇ ਨਾਵਾਂ ’ਤੇ ਸਹਿਮਤੀ ਬਣਾ ਲਈ ਹੈ।

# ਹਰਸਿਮਰਤ ਦੇ ਚੋਣ ਹਲਕੇ ਬਾਰੇ ਅਕਾਲੀ ਦਲ ’ਚ ਦੁਚਿਤੀ ਬਰਕਰਾਰ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਅੰਦਰ ਹਰਸਿਮਰਤ ਕੌਰ ਬਾਦਲ ਲਈ ਆਉਂਦੀਆਂ ਸੰਸਦੀ ਚੋਣਾਂ ਦੌਰਾਨ ਹਲਕੇ ਦੀ ਚੋਣ ਦੇ ਮਸਲੇ ’ਤੇ ਇੱਕ ਵਾਰੀ ਫਿਰ ਤੋਂ ਬਠਿੰਡਾ ਤੋਂ ਹੀ ਕਿਸਮਤ ਅਜ਼ਮਾਉਣ ਦਾ ਮੁੱਦਾ ਭਾਰੂ ਹੋ ਗਿਆ ਹੈ। ਪਾਰਟੀ ਅੰਦਰਲੇ ਸੂਤਰਾਂ ਦਾ ਦੱਸਣਾ ਹੈ ਕਿ ਬਾਦਲ ਪਰਿਵਾਰ ਦੀ ਜੱਕੋ-ਤੱਕੀ ਤੇ ਅਕਾਲੀ ਆਗੂਆਂ ਦੇ ਦਬਾਅ ਕਾਰਨ ਅੰਦਰਖਾਤੇ ਇਹ ਮਨ ਬਣਾ ਲਿਆ ਸੀ ਕਿ ਬੀਬੀ ਬਾਦਲ ਨੂੰ ਫਿਰੋਜ਼ਪੁਰ ਹਲਕੇ ਤੋਂ ਹੀ ਚੋਣ ਲੜਾ ਲਈ ਜਾਵੇ ਪਰ ਇਸ ਦੁਚਿੱਤੀ ਦੇ ਆਲਮ ’ਚ ਬਾਦਲ ਪਰਿਵਾਰ ਨੂੰ ਇਹ ਵੀ ਡਰ ਸਤਾ ਰਿਹਾ ਹੈ ਕਿ ਸੰਸਦੀ ਹਲਕਾ ਬਦਲਣ ਕਾਰਨ ਭਵਿੱਖ ਵਿੱਚ ਸਿਆਸੀ ਚੁਣੌਤੀਆਂ ਵਧ ਜਾਣਗੀਆਂ ਤੇ ਇਸ ਦਾ ਅਸਰ 2022 ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ’ਤੇ ਵੀ ਪੈ ਸਕਦਾ ਹੈ।

ਬਾਦਲ ਪਰਿਵਾਰ ਦੇ ਕਰੀਬੀ ਸੂਤਰਾਂ ਦਾ ਦੱਸਣਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਸ ਗੱਲ ’ਤੇ ਜ਼ੋਰ ਦਿੱਤਾ ਜਾ ਰਿਹਾ ਸੀ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਹਲਕਾ ਕਿਸੇ ਵੀ ਸੂਰਤ ਬਦਲਿਆ ਨਾ ਜਾਵੇ ਜਦਕਿ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਹਮਾਇਤੀਆਂ ਦਾ ਮੱਤ ਸੀ ਕਿ ਬਠਿੰਡਾ ਤੋਂ ਚੋਣ ਜਿੱਤਣੀ ਆਸਾਨ ਨਹੀਂ ਇਸ ਲਈ ਫਿਰੋਜ਼ਪੁਰ ਤੋਂ ਹੀ ਕਿਸਮਤ ਅਜ਼ਮਾਈ ਜਾਵੇ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਤਾਜ਼ਾ ਸਥਿਤੀ ’ਚ ਫਿਰੋਜ਼ਪੁਰ ਹਲਕੇ ਤੋਂ ਪਾਰਟੀ ਉਮੀਦਵਾਰ ਲਈ ਜਿੱਤ ਸੁਖਾਲੀ ਜਾਪ ਰਹੀ ਹੈ। ਬਾਦਲ ਪਰਿਵਾਰ ਦੇ ਇੱਕ ਕਰੀਬੀ ਵਿਅਕਤੀ ਨੇ ਦੱਸਿਆ ਕਿ ਤਾਜ਼ਾ ਸਥਿਤੀ ਵਿੱਚ ਬੀਬੀ ਬਾਦਲ ਨੂੰ ਬਠਿੰਡਾ ਹਲਕੇ ਤੋਂ ਹੀ ਉਮੀਦਵਾਰ ਬਨਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਬਾਦਲ ਪਰਿਵਾਰ ਦੀ ਨੂੰਹ ਜੇਕਰ ਬਠਿੰਡਾ ਤੋਂ ਹੀ ਚੋਣ ਲੜਦੀ ਹੈ ਤਾਂ ਚੋਣ ਮਾਹੌਲ ਦਿਲਚਸਪ ਹੋਵੇਗਾ ਕਿਉਂਕਿ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੂੰ ਇੱਥੋਂ ਉਮੀਦਵਾਰ ਬਣਾਏ ਜਾਣ ਦਾ ਫ਼ੈਸਲਾ ਪਹਿਲਾਂ ਹੀ ਹੋ ਗਿਆ ਹੈ। ਕਾਂਗਰਸ ਵੱਲੋਂ ਵੀ ਸੋਚ ਵਿਚਾਰ ਤੋਂ ਬਾਅਦ ਹੀ ਬਠਿੰਡਾ ਦੇ ਮੈਦਾਨ ਤੋਂ ਉਮੀਦਵਾਰ ਉਤਾਰਿਆ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੀਆਂ ਪਿਛਲੇ ਦਿਨਾਂ ਦੌਰਾਨ ਹੋਈਆਂ ਮੀਟਿੰਗਾਂ ਦੌਰਾਨ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਸੀ ਕਿ ਹਰਸਿਮਰਤ ਕੌਰ ਬਾਦਲ ਨੂੰ ਸੁਰੱਖਿਅਤ ਸਮਝੇ ਜਾਂਦੇ ਹਲਕੇ ਫਿਰੋਜ਼ਪੁਰ ਤੋਂ ਹੀ ਚੋਣ ਲੜਾਉਣੀ ਚਾਹੀਦੀ ਹੈ।

ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਕੋਰ ਕਮੇਟੀ ਅਤੇ ਹੋਰਨਾਂ ਮੀਟਿੰਗਾਂ ਦੌਰਾਨ ਭਾਵੇਂ ਫਿਰੋਰਜ਼ਪੁਰ ਤੋਂ ਹੀ ਚੋਣ ਲੜਾਉਣ ਦਾ ਮਾਮਲਾ ਭਾਰੂ ਰਿਹਾ ਪਰ ਬਾਦਲ ਪਰਿਵਾਰ ਇਸ ਮੁੱਦੇ ’ਤੇ ਵੰਡਿਆ ਹੋਇਆ ਹੈ। ਪਰਿਵਾਰ ਅੰਦਰ ਇਹ ਗੱਲ ਵੀ ਭਾਰੂ ਸੀ ਕਿ ਬੀਬੀ ਬਾਦਲ ਨੂੰ ਜੇਕਰ ਫਿਰੋਜ਼ਪੁਰ ਤੋਂ ਚੋਣ ਲੜਨ ਲਈ ਭੇਜਿਆ ਜਾਂਦਾ ਹੈ ਕਿ ਸਮੁੱਚੇ ਕਾਡਰ ਅੰਦਰ ਗਲਤ ਸੰਦੇਸ਼ ਜਾਵੇਗਾ ਕਿ ਬਾਦਲ ਪਰਿਵਾਰ ਹਾਰ ਤੋਂ ਡਰਦਾ ਬਠਿੰਡਾ ਛੱਡ ਕੇ ਭੱਜ ਗਿਆ ਤੇ ਵਿਰੋਧੀ ਧਿਰਾਂ ਇਸ ਨੂੰ ਚੋਣਾਂ ’ਚ ਮੁੱਦਾ ਬਣਾਉਣਗੀਆਂ।

ਇਹੀ ਕਾਰਨ ਹੈ ਕਿ ਬੀਬੀ ਬਾਦਲ ਨੇ ਪਿਛਲੇ ਦੋ ਕੁ ਦਿਨਾਂ ਤੋਂ ਬਠਿੰਡਾ ਹਲਕੇ ਅੰਦਰ ਸਰਗਰਮੀਆਂ ਵਧਾ ਦਿੱਤੀਆਂ ਹਨ। ਬਾਦਲ ਪਰਿਵਾਰ ਦੀ ਨੂੰਹ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾਣ ਲੱਗੀ ਹੈ ਕਿ ਤੀਜੀ ਵਾਰੀ ਵੀ ’ਸੇਵਾ’ ਦਾ ਮੌਕਾ ਦਿੱਤਾ ਜਾਵੇ। ਪੰਜਾਬ ’ਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਬੇਅਦਬੀ ਤੇ ਪੁਲੀਸ ਗੋਲੀ ਕਾਂਡ ਦੀਆਂ ਘਟਨਾਵਾਂ ਦੇ ਰਾਜਸੀ ਪਰਛਾਵੇਂ ਕਾਰਨ ਬਾਦਲ ਪਰਿਵਾਰ ਨੂੰ ਬਠਿੰਡਾ ਤੋਂ ਜਿੱਤ ਸੁਖਾਲੀ ਨਹੀਂ ਜਾਪ ਰਹੀ। ਇਹੀ ਕਾਰਨ ਹੈ ਕਿ ਬਠਿੰਡਾ ਹਲਕੇ ਵਿਚਲੇ ਅਕਾਲੀ ਦਲ ਦੇ ਹਲਕਾ ਇੰਚਾਰਜਾਂ ਤੇ ਹੋਰਨਾਂ ਆਗੂਆਂ ਵੱਲੋਂ ਸੰਸਦੀ ਹਲਕਾ ਬਦਲਣ ਦੀ ਸਲਾਹ ਦਿੱਤੀ ਗਈ ਸੀ।

# ਸਪਨਾ ਨੇ ਤੋੜਿਆ ਕਾਂਗਰਸ ਦਾ ਸੁਪਨਾ

**ਨਵੀਂ ਦਿੱਲੀ–** ਉੱਤਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜ ਬੱਬਰ ਵੱਲੋਂ ਪਾਰਟੀ ’ਚ ਸ਼ਾਮਲ ਹੋਣ ਦਾ ਸਵਾਗਤ ਕਰਨ ਦੇ ਕੁਝ ਘੰਟਿਆਂ ਅੰਦਰ ਹੀ ਹਰਿਆਣਵੀ ਗਾਇਕਾ ਅਤੇ ਡਾਂਸਰ ਸਪਨਾ ਚੌਧਰੀ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ ਉਹ ਕਾਂਗਰਸ ਪਾਰਟੀ ’ਚ ਸ਼ਾਮਲ ਨਹੀਂ ਹੋਈ ਹੈ। ਉਸ ਨੇ ਦੋਸ਼ ਲਾਇਆ ਕਿ ਕਾਂਗਰਸ ਨੇ ਉਸ ਦੀਆਂ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਪੁਰਾਣੀਆਂ ਤਸਵੀਰਾਂ ਨੂੰ ਵਰਤਿਆ। ਜ਼ਿਕਰਯੋਗ ਹੈ ਕਿ ਰਾਜ ਬੱਬਰ ਨੇ ਸ਼ਨਿਚਰਵਾਰ ਰਾਤ ਨੂੰ ਸਪਨਾ ਚੌਧਰੀ ਦਾ ਪਾਰਟੀ ’ਚ ਸਵਾਗਤ ਕਰਦਿਆਂ ਟਵਿੱਟਰ ’ਤੇ ਉਸ ਦੀ ਪ੍ਰਿਯੰਕਾ ਨਾਲ ਤਸਵੀਰ ਨੂੰ ਸਾਂਝਾ ਕੀਤਾ ਸੀ। ਸਪਨਾ ਚੌਧਰੀ ਨੇ ਕਿਹਾ ਕਿ ਉਹ ਲੋਕ ਸਭਾ ਚੋਣਾਂ ਦੌਰਾਨ



ਕਿਸੇ ਵੀ ਪਾਰਟੀ ਲਈ ਪ੍ਰਚਾਰ ਨਹੀਂ ਕਰੇਗੀ। ਜਦੋਂ ਰਿਪੋਰਟਰਾਂ ਨੇ ਉਸ ਦੀਆਂ ਕਾਂਗਰਸ ਮੈਂਬਰਸ਼ਿਪ ਵਾਲੇ ਫਾਰਮ ਦੀਆਂ ਤਸਵੀਰਾਂ ਬਾਰੇ ਸਵਾਲ ਕੀਤਾ ਤਾਂ ਸਪਨਾ ਨੇ ਕਿਹਾ ਕਿ ਜੇਕਰ ਉਸ ਦੀ ਪੁਰਾਣੀ ਇੰਟਰਵਿਊ ਨੂੰ ਦਿਖਾਇਆ ਜਾ ਸਕਦਾ ਹੈ ਤਾਂ ਪੁਰਾਣੀਆਂ ਤਸਵੀਰਾਂ ਵੀ ਦਿਖਾਈਆਂ ਜਾ ਸਕਦੀਆਂ ਹਨ। ਸੂਤਰਾਂ ਮੁਤਾਬਕ ਸਪਨਾ ਚੌਧਰੀ ਮਥੁਰਾ ਤੋਂ ਚੋਣ ਲੜਨ ਦੀ ਇੱਛੁਕ ਸੀ ਜਿਥੋਂ ਭਾਜਪਾ ਨੇ ਬੌਲੀਵੁੱਡ ਅਦਾਕਾਰਾ ਹੇਮਾ ਮਾਲਿਨੀ ਨੂੰ ਮੈਦਾਨ ’ਚ ਉਤਾਰਿਆ ਹੈ। ਉਂਜ ਕਾਂਗਰਸ ਨੇ ਸ਼ਨਿਚਰਵਾਰ ਰਾਤ ਨੂੰ ਆਪਣੇ ਉਮੀਦਵਾਰਾਂ ਦੀ ਅੱਠਵੀਂ ਸੂਚੀ ’ਚ ਮਹੇਸ਼ ਪਾਠਕ ਨੂੰ ਮਥੁਰਾ ਤੋਂ ਟਿਕਟ ਦਿੱਤੀ ਹੈ।




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਸੀਨੀਅਰ ਖੇਡਾਂ ਵਿੱਚ ਪੰਜਾਬੀਆਂ ਨੇ ਜਿੱਤੇ ਗੋਲਡ ਮੈਡਲ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਸ਼ਹਿਰ ਵਾਇਸਏਲੀਆ ਵਿਖੇ 'ਵਿਟਨੀ ਹਾਈ ਸਕੂਲ' ਵਿੱਚ ਸੀਨੀਅਰ ਖਿਡਾਰੀਆ ਦੀਆ ਖੇਡਾਂ ਦੇ ਅਮਰੀਕਨ ਭਾਈਚਾਰੇ ਵੱਲੋਂ ਸਲਾਨਾ ਖੇਡਾ ਕਰਵਾਈਆਂ ਗਈਆਂ। ਜਿੰਨਾਂ ਵਿੱਚ ਦੌੜਾਂ, ਜੰਪ, ਸ਼ਾਟਪੁੱਟ, ਡਿਸਕਸ ਥਰੋ ਆਦਿਕ ਖੇਡਾ ਸਾਮਲ ਸਨ। ਜਿਸ ਵਿੱਚ ਪੰਜਾਬੀ ਭਾਈਚਾਰੇ ਵਿੱਚੋਂ ਛੇ ਖਿਡਾਰੀਆ ਨੇ ਹਿੱਸਾ ਲਿਆ। ਇਸ ਸਮੇਂ ਹਿੱਸਾ ਲੈਣ ਵਾਲੇ ਪੰਜਾਬੀਆ ਵਿੱਚ ਸ. ਗੁਰਬਖਸ਼ ਸਿੰਘ ਸਿੱਧੂ ਨੇ ਤਿੰਨ ਗੋਲਡ ਮੈਡਲ, ਸੁਖਚੈਨ ਸਿੰਘ ਨੇ ਤਿੰਨ ਗੋਲਡ ਮੈਡਲ ਅਤੇ ਇਕ ਪਿੱਤਲ ਦਾ ਮੈਡਲ ਹਾਸਲ ਕੀਤਾ। ਜਦ ਕਿ ਕਮਲਜੀਤ ਸਿੰਘ ਬੈਨੀਪਾਲ ਨੇ ਚਾਰ ਗੋਲਡ ਮੈਡਲ ਅਤੇ ਇੱਕ ਚਾਂਦੀ ਦਾ ਤਗਮਾ ਹਾਸਲ ਕੀਤਾ। ਹਰਦੀਪ ਸਿੰਘ ਸੰਘੇੜਾ ਨੇ ਚਾਰ ਗੋਲਡ ਅਤੇ ਤਿੰਨ ਚਾਂਦੀ ਦੇ ਮੈਡਲ ਜਿੱਤੇ। ਹਰਿੰਦਰ ਸਿੰਘ ਨੇ ਇਕ ਗੋਲਡ ਅਤੇ ਇਕ ਚਾਂਦੀ ਦਾ ਮੈਡਲ ਜਿੱਤਿਆ। ਗੁਰਪ੍ਰਤਾਪ ਸਿੰਘ ਵੜੈਚ ਨੇ ਦੋ ਪਿੱਤਲ ਦੇ ਮੈਡਲ ਜਿੱਤੇ। ਸਮੁੱਚੇ ਪੰਜਾਬੀ ਭਾਈਚਾਰੇ ਲਈ ਬੜੇ ਮਾਣ ਵਾਲੀ ਗੱਲ ਹੈ ਇਹ ਸੀਨੀਅਰ ਖਿਡਾਰੀ ਜਿੱਥੇ ਖੇਡਾ ਵਿੱਚ ਹਿੱਸਾ ਲੈ ਪੰਜਾਬੀਅਤ ਦਾ ਨਾਂ ਰੌਸ਼ਨ ਕਰਦੇ ਹਨ, ਉੱਥੇ ਪੰਜਾਬੀਅਤ ਦੀ ਪਹਿਚਾਣ ਬਣਾਉਣ ਵਿੱਚ ਵੀ ਵਡਮੁੱਲਾ ਯੋਗਦਾਨ ਪਾਉਦੇ ਹਨ। ਇਸ ਤੋਂ ਪਹਿਲਾ ਵੀ ਬਹੁਤ ਸਾਰੇ ਸ਼ਹਿਰਾਂ ਅਤੇ ਦੇਸ਼ਾਂ ਵਿੱਚ ਆਪਣੀ ਸਾਨਦਾਰ ਜਿੱਤ ਦਾ ਪ੍ਰਦਰਸ਼ਨ ਕਰ ਚੁੱਕੇ ਹਨ।

# ਸੂਫੀ ਰੰਗਤ ਵਿੱਚ ਰਿਲੀਜ਼ ਹੋਵੇਗਾ ਕੰਵਰਦੀਪ ਦਾ ਨਵਾਂ ਗੀਤ "ਮੇਰੇ ਸਾਈਆਂ"

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਪੰਜਾਬੀ ਗਾਇਕ ਕੰਵਰਦੀਪ ਜਲਦ ਹੀ ਆਪਣੇ ਨਵੇਂ ਗੀਤ 'ਮੇਰੇ ਸਾਈਆਂ' ਨਾਲ ਦਰਸ਼ਕਾਂ ਦੀ ਕਚਿਹਰੀ 'ਚ ਦਸਤਕ ਦੇਣ ਜਾ ਰਹੇ ਹਨ। ਇਸ ਗੀਤ "ਮੇਰੇ ਸਾਈਆਂ" ਦਾ ਪੋਸਟਰ ਰਿਲੀਜ਼ ਕਰਦੇ ਹੋਏ ਗਾਇਕ ਕੰਵਰਦੀਪ ਨੇ ਜਾਣਕਾਰੀ ਦਿੱਤੀ ਹੈ। ਕੁਝ ਦਿਨ ਪਹਿਲਾ ਉਨ੍ਹਾਂ ਦੇ ਗੀਤ 'ਮੇਰੇ ਸਾਈਆਂ' ਦਾ ਟੀਜ਼ਰ ਵੀ ਰਿਲੀਜ਼ ਹੋ ਚੁੱਕਾ ਹੈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਕੰਵਰਦੀਪ ਪੰਜਾਬੀ ਸੱਭਿਆਚਾਰਕ ਅਤੇ ਸੂਫੀ ਗਾਇਕੀ ਨਾਲ ਬਹੁਤ ਲੰਮੇ ਅਰਸੇ ਤੋਂ ਜੁੜਿਆਂ ਹੋਇਆ ਹੈ।




ਅੱਜ-ਕੱਲ੍ਹ ਦੀ ਗਾਇਕੀ ਦੇ ਦੌਰ ਵਿੱਚ ਆਪਣੀ ਨਿਵੇਕਲੀ ਸੂਫੀਅਤ ਦੀ ਪਹਿਚਾਣ ਰੱਖਣ ਵਾਲਾ ਇਹ ਗੀਤ ਲੋਕਾਂ ਦੀ ਪਸੰਦ 'ਤੇ ਜ਼ਰੂਰ ਖਰਾ ਉਤਰੇਗਾ। ਇੱਥੇ ਇਹ ਗੱਲ ਵਰਨਣਯੋਗ ਹੈ ਉੱਚ ਵਿੱਦਿਆ ਪ੍ਰਾਪਤ ਕੰਵਰਦੀਪ ਪੰਜਾਬੀ ਵਿੱਚ ਮਾਸਟਰ ਡਿਗਰੀ ਹੋਣ ਦੇ ਨਾਲ-ਨਾਲ ਸੰਗੀਤ ਦਾ ਵੀ ਪ੍ਰੋਫੈਸਰ ਹੈ।

ਗੀਤ 'ਮੇਰੇ ਸਾਈਆਂ' ਦੇ ਬੋਲ ਕੰਵਰਦੀਪ ਦੇ ਨੇ ਖੁਦ ਸ਼ਿੰਗਾਰੇ ਹਨ। ਜਦੋਂ ਕਿ ਗੀਤ ਦਾ ਮਿਊਜ਼ਿਕ ਦਿਨੇਸ਼ ਡੀ. ਕੇ. ਵਲੋਂ ਤਿਆਰ ਕੀਤਾ ਗਿਆ ਹੈ। ਕੰਵਰਦੀਪ ਦੇ ਗੀਤ 'ਮੇਰੇ ਸਾਈਆਂ' ਦੀ ਵੀਡੀਓ ਟੀਮ ਆਸ਼ੂ ਫਿਲਮਸ ਵਲੋਂ ਬਣਾਈ ਗਈ ਹੈ ਅਤੇ ਗੀਤ ਦੇ ਪ੍ਰੋਡਿਊਸਰ ਸੁਰਜੀਤ ਸਿੰਘ ਹਨ। ਦੱਸ ਦਈਏ ਕਿ ਕੰਵਰਦੀਪ ਦਾ ਗੀਤ 'ਮੇਰੇ ਸਾਈਆਂ' ਬਹੁਤ ਜਲਦ ਯੂਟਿਊਬ ਦੇ ਨਾਲ-ਨਾਲ ਪੰਜਾਬੀ ਚੈਨਲਾਂ 'ਤੇ ਵੀ ਰਿਲੀਜ਼ ਕੀਤਾ ਜਾ ਰਿਹਾ ਹੈ।

# ਬੌਬੀ ਕੰਬੋਜ ਨੇ ਰਾਜਨਾਥ ਸਿੰਘ ਨੂੰ ਮਿਲ ਕੇ ਅੰਮ੍ਰਿਤਸਰ ਸੀਟ ਲਈ ਦਾਅਵਾ ਪੇਸ਼ ਕੀਤਾ

**ਨਵੀਂ ਦਿੱਲੀ–** ਇੰਟਰਨੈਸ਼ਨਲ ਸਰਵ ਕੰਬੋਜ ਸਮਾਜ ਦੇ ਪ੍ਰਧਾਨ ਤੇ ਨਗਰ ਨਿਗਮ ਦੇ ਕੌਂਸਲਰ ਬੌਬੀ ਕੰਬੋਜ ਨੇ ਭਾਜਪਾ ਦੇ ਸੀਨੀਅਰ ਆਗੂ ਸ੍ਰੀ ਸੁਖਵੰਤ ਰਾਏ ਗੀਗਾ ਦੇ ਨਾਲ ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਬੌਬੀ ਕੰਬੋਜ ਨੇ ਆਪਣਾ ਬਾਇਓਡਾਟਾ ਰਾਜਨਾਥ ਸਿੰਘ ਨੂੰ ਦਿੱਤਾ ਅਤੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਆਪਣੇ ਲਈ ਟਿਕਟ ਦੀ ਮੰਗ ਕੀਤੀ।

ਇਸ ਮੌਕੇ ਬੌਬੀ ਕੰਬੋਜ ਨੇ ਆਪਣੇ ਵੱਲੋਂ ਭਾਜਪਾ ਵਿਚ ਕੀਤੀ ਗਈ ਆਪਣੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਉਹਨਾਂ ਨੇ ਆਪਣੇ ਪਿਤਾ ਸ੍ਰੀ ਦੌਲਤ ਰਾਮ ਕੰਬੋਜ ਦੀਆਂ ਪਾਰਟੀ ਪ੍ਰਤੀ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਉਹਨਾਂ ਦੇ ਪਿਤਾ ਜੀ ਨੇ 1950 ਤੋਂ ਲੈ ਕੇ ਹੁਣ ਤੱਕ ਆਰ. ਐਸ. ਐਸ. ਅਤੇ ਭਾਜਪਾ ਵਿਚ ਵੱਖ ਵੱਖ ਅਹੁਦਿਆਂ 'ਤੇ ਕੰਮ ਕੀਤਾ ਹੈ ਤੇ ਭਾਜਪਾ ਦੀ ਟਿਕਟ ਤੇ ਉਹ ਤਿੰਨ ਵਾਰ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਹਨ। ਉਹਨਾਂ ਦੀ ਅੰਮ੍ਰਿਤਸਰ ਦੇ ਕੰਬੋਜ ਭਾਈਚਾਰੇ ਵਿਚ ਪੂਰੀ ਪਹਿਚਾਣ ਹੈ ਅਤੇ ਕੰਬੋਜ ਭਾਈਚਾਰੇ ਦੀਆਂ ਅੰਮ੍ਰਿਤਸਰ ਹਲਕੇ ਵਿਚ ਬਹੁਤ ਵੋਟਾਂ ਹਨ।

# ਪੰਜਾਬ ਵਿਚ ਕਾਂਗਰਸ ਦੇ ਕੈਪਟਨ ਤੇ ਸਿੱਧੂ ਬਣੇ ਸਟਾਰ ਪ੍ਰਚਾਰਕ

**ਚੰਡੀਗੜ੍ਹ–** ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ ਆਪਣੇ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਯੂਪੀ ਵਿੱਚ ਪ੍ਰਚਾਰ ਕਰਨ ਲਈ ਚੁਣਿਆ ਗਿਆ ਹੈ। ਪਾਰਟੀ ਦੇ 40 ਸਟਾਰ ਪ੍ਰਚਾਰਕ ਯੂਪੀ ਵਿੱਚ ਹੋਣ ਵਾਲੀਆਂ ਪਹਿਲੇ ਤੇ ਦੂਜੇ






ਗੇੜ ਦੀਆਂ ਚੋਣਾਂ ਵਿੱਚ ਪ੍ਰਚਾਰ ਕਰਨਗੇ। ਇਨ੍ਹਾਂ ਵਿੱਚੋਂ ਕੈਪਟਨ ਨੂੰ 12ਵੇਂ ਤੇ ਸਿੱਧੂ ਨੂੰ 21ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਕਾਂਗਰਸ ਨੇ ਜਿਨ੍ਹਾਂ ਸੂਬਿਆਂ ਵਿੱਚ ਚੋਣਾਂ ਜਿੱਤੀਆਂ ਸੀ, ਉਨ੍ਹਾਂ ਦੇ ਮੁੱਖ ਮੰਤਰੀਆਂ ਨੂੰ ਵੀ ਚੋਣ ਪ੍ਰਚਾਰ ਲਈ ਭੇਜਿਆ ਜਾ ਰਿਹਾ ਹੈ।

ਕੁਝ ਮਹੀਨੇ ਪਹਿਲਾਂ ਰਾਜ ਸਭਾ ਵਿੱਚ ਹੋਏ ਵਿਧਾਨ ਸਭਾ ਚੋਣ ਪ੍ਰਚਾਰ ਦੌਰਾਨ ਵੀ ਪੰਜਾਬ ਤੋਂ ਨਵਜੋਤ ਸਿੰਘ ਸਿੱਧੂ ਤੇ ਰਾਜਾ ਵੜਿੰਗ ਨੇ ਕਈ ਇਲਾਕਿਆਂ ਵਿੱਚ ਜਾ ਕੇ ਚੋਣ ਪ੍ਰਚਾਰ ਕੀਤਾ ਸੀ। ਰਾਜਸਥਾਨ ਵਿੱਚ ਜ਼ਿਆਦਾਤਰ ਰੈਲੀਆਂ ਨੂੰ ਸੰਬੋਧਨ ਕਰਨ ਕਰਕੇ ਸਿੱਧੂ ਦਾ ਗਲਾ ਵੀ ਖਰਾਬ ਹੋ ਗਿਆ ਸੀ।ਕ੍ਰਿਕੇਟਰ ਹੋਣ ਦੇ ਨਾਲ-ਨਾਲ ਸਿੱਧੂ ਆਪਣੇ ਤੰਜ ਤੇ ਸ਼ਾਇਰੀ ਕਰਕੇ ਵੀ ਲੋਕਾਂ ਵਿੱਚ ਕਾਫੀ ਮਕਬੂਲ ਹਨ ਪਰ ਹਾਲ ਹੀ ਵਿੱਚ ਪੁਲਵਾਮਾ ਹਮਲੇ 'ਤੇ ਦਿੱਤੇ ਵਿਵਾਦਤ ਬਿਆਨ ਕਰਕੇ ਸਿੱਧੂ ਨੂੰ ਵਿਰੋਧੀ ਦਲਾਂ ਦੀਆਂ ਗੱਲਾਂ ਸੁਣਨੀਆਂ ਪਈਆਂ ਸੀ। ਹਾਲੇ ਤੈਅ ਨਹੀਂ ਕਿ ਕੌਣ ਕਿਸ ਇਲਾਕੇ ਵਿੱਚ ਚੋਣ ਪ੍ਰਚਾਰ ਕਰੇਗਾ।

# 'ਆਪ' ਨੇ ਜਲੰਧਰ ਤੋਂ ਜਸਟਿਸ ਜ਼ੋਰਾ ਸਿੰਘ ਨੂੰ ਉਮੀਦਵਾਰ ਐਲਾਨਿਆ

**ਜਲੰਧਰ–** ਆਮ ਆਦਮੀ ਪਾਰਟੀ (ਆਪ) ਵਲੋਂ ਤਿੰਨ ਲੋਕ ਸਭਾ ਹਲਕਿਆਂ ਤੋਂ ਪਾਰਟੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਜਲੰਧਰ ਲੋਕ ਸਭਾ ਹਲਕੇ ਤੋਂ ਸੇਵਾਮੁਕਤ ਜਸਟਿਸ ਜ਼ੋਰਾ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਫਤਹਿਗੜ੍ਹ ਸਾਹਿਬ (ਰਾਖਵਾਂ) ਤੋਂ ਬਲਜਿੰਦਰ ਸਿੰਘ ਚੌਂਦਾ ਅਤੇ ਗੁਰਦਾਸਪੁਰ ਹਲਕੇ ਤੋਂ ਪੀਟਰ ਮਸੀਹ ਜੀਦਾ ਨੂੰ ਉਮੀਦਵਾਰ ਬਣਾਇਆ ਹੈ।


ਜ਼ੋਰਾ ਸਿੰਘ | ਬਲਜਿੰਦਰ ਸਿੰਘ ਚੌਂਦਾ | ਪੀਟਰ ਮਸੀਹ ਜੀਦਾ

ਪਾਰਟੀ ਉਮੀਦਵਾਰਾਂ ਦਾ ਐਲਾਨ ਆਮ ਆਦਮੀ ਪਾਰਟੀ ਦੀ ਅੱਜ ਇੱਥੇ ਪ੍ਰਿੰਸੀਪਲ ਬੁੱਧ ਰਾਮ ਦੀ ਚੇਅਰਮੈਨੀ ਹੇਠ ਕਰੀਬ ਦੋ ਘੰਟੇ ਚੱਲੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕੀਤਾ। ਉਨ੍ਹਾਂ ਦੱਸਿਆ ਕਿ ਕੋਰ ਕਮੇਟੀ ਵਲੋਂ ਪਹਿਲਾਂ ਹੀ ਮਾਝਾ, ਮਾਲਵਾ ਅਤੇ ਦੋਆਬਾ ਖੇਤਰ ਦੇ ਇਨ੍ਹਾਂ ਤਿੰਨਾਂ ਹਲਕਿਆਂ ਦੇ ਉਮੀਦਵਾਰਾਂ ਬਾਰੇ ਵਿਚਾਰ ਵਟਾਂਦਰਾ ਕਰ ਲਿਆ ਸੀ ਅਤੇ ਤਿੰਨੋਂ ਨਾਂਅ ਪ੍ਰਵਾਨਗੀ ਲਈ ਪਾਰਟੀ ਦੀ ਪੀਏਸੀ ਕੋਲ ਭੇਜੇ ਸਨ। ਪ੍ਰਵਾਨਗੀ ਮਿਲਣ ਤੋਂ ਬਾਅਦ ਅੱਜ ਤਿੰਨੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜ ਲੋਕ ਸਭਾ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ, ਜਿਨ੍ਹਾਂ ਵਿੱਚ ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ, ਸੰਗਰੂਰ ਤੋਂ ਭਗਵੰਤ ਮਾਨ (ਖ਼ੁਦ), ਆਨੰਦਪੁਰ ਸਾਹਿਬ ਤੋਂ ਨਰਿੰਦਰ ਸਿੰਘ ਸ਼ੇਰਗਿੱਲ, ਸ੍ਰੀ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਅਤੇ ਹੁਸ਼ਿਆਰਪੁਰ ਤੋਂ ਰਵਜੋਤ ਸਿੰਘ ਸ਼ਾਮਲ ਹਨ। ਸ੍ਰੀ ਮਾਨ ਨੇ ਕਿਹਾ ਕਿ ਬਾਕੀ ਰਹਿੰਦੇ ਪੰਜ ਲੋਕ ਸਭਾ ਹਲਕਿਆਂ ਬਠਿੰਡਾ, ਲੁਧਿਆਣਾ, ਖਡੂਰ ਸਾਹਿਬ, ਫਿਰੋਜ਼ਪੁਰ ਅਤੇ ਪਟਿਆਲਾ ਤੋਂ ਉਮੀਦਵਾਰਾਂ ਦਾ ਐਲਾਨ ਦੋKਚਾਰ ਦਿਨਾਂ ਵਿੱਚ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਹਿੰਦੇ ਪੰਜ ਹਲਕਿਆਂ ਤੋਂ ਪਾਰਟੀ ਉਮੀਦਵਾਰਾਂ ਦੇ ਨਾਵਾਂ ਬਾਰੇ ਵਿਚਾਰ ਹੋ ਚੁੱਕਾ ਹੈ।ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਕਰੀਬ ਦੋ ਘੰਟੇ ਚੱਲੀ, ਜਿਸ ਵਿੱਚ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ, ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ, ਪ੍ਰੋ. ਸਾਧੂ ਸਿੰਘ, ਵਿਧਾਇਕ ਸਰਵਜੀਤ ਕੌਰ ਮਾਣੂੰਕੇ, ਮੀਤ ਹੇਅਰ, ਕੁਲਵੰਤ ਸਿੰਘ ਪੰਡੋਰੀ ਆਦਿ ਸ਼ਾਮਲ ਸਨ।

# ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਸਬੰਧੀ 'ਸਿਟ' ਵੱਲੋਂ ਨਵੇਂ ਸਬੂਤ ਪੇਸ਼

**ਫਰੀਦਕੋਟ–** ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਬਹਿਬਲ ਕਲਾਂ ਤੇ ਕੋਟਕਪੂਰਾ ਕਾਂਡ 'ਚ ਨਵੇਂ ਸਬੂਤ ਪੇਸ਼ ਕੀਤੇ ਹਨ। ਸਿਟ ਨੇ ਸਾਬਕਾ ਐੱਸਐੱਸਪੀ ਚਰਨਜੀਤ ਸਿੰਘ ਸ਼ਰਮਾ ਦੀ ਜ਼ਮਾਨਤ ਦਾ ਵਿਰੋਧ ਕਰਦਿਆਂ ਮੈਡੀਕਲ ਰਿਪੋਰਟਾਂ ਤੇ ਹੋਰ ਸਬੂਤ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਬਹਿਬਲ ਕਲਾਂ 'ਚ ਮੁਜ਼ਾਹਰਾ ਕਾਰੀ ਸ਼ਾਂਤਮਈ ਢੰਗ ਨਾਲ ਬੈਠੇ ਹੋਏ ਸਨ, ਪਰ ਚਰਨਜੀਤ ਸ਼ਰਮਾ ਤੇ ਇੰਸਪੈਕਟਰ ਪ੍ਰਦੀਪ ਸਿੰਘ ਨੇ ਹਾਲਾਤ ਵਿਗਾੜੇ ਅਤੇ ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਅਪਸ਼ਬਦ ਕਹੇ ਤੇ ਇੱਕ ਮੁਜ਼ਾਹਰਾਕਾਰੀ ਦੇ ਥੱਪੜ ਵੀ ਮਾਰਿਆ। ਜ਼ਿਕਰਯੋਗ ਹੈ ਕਿ ਇਸ ਕੇਸ 'ਚ ਮੁਲਜ਼ਮ ਪੁਲੀਸ ਅਫਸਰਾਂ ਜਿਨ੍ਹਾਂ 'ਚ ਆਈਜੀਪੀ ਤੇ ਐੱਸਐੱਸਪੀ ਵੀ ਸ਼ਾਮਲ ਹਨ, ਨੇ 14 ਅਕਤੂਬਰ 2015 ਨੂੰ ਕੋਟਕਪੂਰਾ ਤੇ ਬਹਿਬਲ ਕਲਾਂ 'ਚ ਮੁਜ਼ਾਹਰਾਕਾਰੀਆਂ 'ਤੇ ਗੋਲੀ ਚਲਾਉਣ ਦੇ ਦੋਸ਼ਾਂ ਨੂੰ ਝੂਠ ਦੱਸਿਆ ਹੈ। ਸਿਟ ਨੇ ਆਪਣੀ ਰਿਪੋਰਟ 'ਚ ਦੋਸ਼ ਲਗਾਇਆ ਕਿ ਪੁਲੀਸ ਨੇ ਡਿਊਟੀ ਮੈਜਿਸਟਰੇਟ ਜੋ ਕਿ ਮੌਕੇ 'ਤੇ ਹਾਜ਼ਰ ਸੀ, ਦੀ ਮਨਜ਼ੂਰੀ ਲਏ ਬਿਨਾਂ ਹੀ ਮੁਜ਼ਾਹਰਾਕਾਰੀਆਂ 'ਤੇ ਪਹਿਲਾਂ ਲਾਠੀਚਾਰਜ ਕੀਤਾ ਤੇ ਬਾਅਦ ਵਿੱਚ ਗੋਲੀ ਚਲਾ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹਾ ਕੋਈ ਵੀ ਸਬੂਤ ਨਹੀਂ ਮਿਲਿਆ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਪੁਲੀਸ ਨੂੰ ਮੁਜ਼ਾਹਰਾਕਾਰੀਆਂ ਤੋਂ ਖਤਰਾ ਸੀ ਕਿਉਂਕਿ ਕਿਸੇ ਵੀ ਮੁਜ਼ਾਹਰਾਕਾਰੀ ਕੋਲ ਕੋਈ ਹਥਿਆਰ ਨਹੀਂ ਸੀ। ਸਿਟ ਨੇ ਕਿਹਾ ਕਿ ਪੁਲੀਸ ਨੇ ਚਰਨਜੀਤ ਸ਼ਰਮਾ ਦੀ ਜਿਪਸੀ 'ਤੇ 12 ਬੋਰ ਦੀ ਬੰਦੂਕ ਨਾਲ ਖੁਦ ਗੋਲੀਆਂ ਚਲਾ ਕੇ ਝੂਠੇ ਸਬੂਤ ਤਿਆਰ ਕੀਤੇ ਹਨ। ਸਿਟ ਨੇ ਕਿਹਾ ਕਿ ਪੁਲੀਸ ਨੇ ਮੁਜ਼ਾਹਰਾਕਾਰੀਆਂ ਖ਼ਿਲਾਫ਼ ਦਰਜ ਕੀਤੀ ਐੱਫਆਈਆਰ (ਨੰ. 129) 'ਚ ਕਿਹਾ ਹੈ ਕਿ ਮੁਜ਼ਾਹਰਾਕਾਰੀਆਂ ਨੇ ਏਐੱਸਆਈ ਸੁਰਿੰਦਰ ਕੁਮਾਰ ਦੀ ਕੁੱਟਮਾਰ ਕੀਤੀ, ਜਿਸ ਕਾਰਨ ਆਤਮ ਰੱਖਿਆ ਲਈ ਪੁਲੀਸ ਨੂੰ ਗੋਲੀ ਚਲਾਉਣੀ ਪਈ। ਜਦਕਿ ਸੁਰਿੰਦਰ ਕੁਮਾਰ ਵੱਲੋਂ ਸਿਟ ਕੋਲ ਬਿਆਨ ਦਿੱਤੇ ਗਏ ਹਨ ਕਿ ਪੁਲੀਸ ਨੇ ਉਸ ਦੀ ਕੁੱਟਮਾਰ ਹੋਣ ਤੋਂ ਕਾਫੀ ਸਮਾਂ ਪਹਿਲਾਂ ਹੀ ਮੁਜ਼ਾਹਰਾਕਾਰੀਆਂ 'ਤੇ ਗੋਲੀ ਚਲਾ ਦਿੱਤੀ ਸੀ ਤੇ ਪੁਲੀਸ ਦੀ ਗੋਲੀ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਤੋਂ ਬਾਅਦ ਹੀ ਲੋਕਾਂ ਨੇ ਪੁਲੀਸ ਦੀਆਂ ਗੱਡੀਆਂ ਸਾੜੀਆਂ ਸਨ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪੈਗਾਮ ਅਤੇ ਓਬੀਸੀ ਵੈਲਫੇਅਰ ਫਰੰਟ ਡੈਮੋਕ੍ਰੇਟਿਕ ਦੇ ਇਜਲਾਸ ਵਿੱਚ ਪਹੁੰਚੇ ਚੀਫ ਜਸਟਿਸ ਵੀ ਈਸ਼ਵਰਿਆ ਅਤੇ ਆਈ ਏ ਐਸ ਲੱਧੜ

**ਲੁਧਿਆਣਾ–** ਪੈਗਾਮ ਅਤੇ ਓਬੀਸੀ ਵੈਲਫੇਅਰ ਫਰੰਟ ਡੈਮੋਕ੍ਰੇਟਿਕ ਵੱਲੋਂ ਸਥਾਨਕ ਸਰਕਟ ਹਾਊਸ ਵਿਖੇ ਜਿਲਾ ਪੱਧਰੀ ਇਜਲਾਸ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਅਤੇ ਕੌਮੀਂ ਪਿਛੜੀਆਂ ਸ੍ਰੇਣੀਆਂ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਈਸ਼ਵਰਿਆ ਜਦਕਿ ਵਿਸ਼ੇਸ ਮਹਿਮਾਨ ਦੇ ਤੌਰ ਤੇ ਸਾਬਕਾ ਰਾਸ਼ਟਰਪਤੀ ਸਵ: ਗਿਆਨੀ ਜੈਲ ਸਿੰਘ ਦੇ ਪੋਤਰੇ ਇੰਦਰਜੀਤ ਸਿੰਘ ਅਤੇ ਕੇਕੇ ਬਾਵਾ ਪਹੁੰਚੇ। ਆਏ ਹੋਏ ਮਹਿਮਾਨਾ ਨੂੰ ਫਰੰਟ ਦੇ ਪ੍ਰਧਾਨ ਆਰਕੀਟੈਕਟ ਕਰਮਜੀਤ ਸਿੰਘ ਨਾਰੰਗਵਾਲ ਨੇ ਜੀ ਆਇਆ ਨੂੰ ਕਿਹਾ। ਪ੍ਰੋਗਰਾਮ ਦੀ ਪ੍ਰਧਾਨਗੀ ਸਾਬਕਾ ਆਈ ਏ ਐਸ ਸ੍ਰੀ ਐਸ ਆਰ ਲੱਧੜ ਰਿਟਾਇਰਡ ਪ੍ਰਿੰਸੀਪਲ ਸੈਕਟਰੀ ਪੰਜਾਬ ਸਰਕਾਰ ਨੇ ਕੀਤੀ ਅਤੇ ਮੰਚ ਦਾ ਸੰਚਾਲਨ ਜਸਵਿੰਦਰ ਸਿੰਘ ਪੈਗਾਮ ਟੀਮ ਨੇ ਕੀਤਾ। ਇਸ ਮੌਕੇ ਪਿਛੜੇ ਅਤੇ ਐਸ ਸੀ ਵਰਗ ਨੂੰ ਸੰਬੋਧਨ ਕਰਦਿਆਂ ਸਾਬਕਾ ਚੀਫ ਜਸਟਿਸ ਵੀ ਈਸ਼ਵਰਿਆ ਨੇ ਪਿਛੜੇ ਵਰਗ ਦੇ ਪਿਛੇ ਰਹਿਣ ਦੇ ਕਾਰਨਾਂ ਤੇ ਤਰਕਸੰਗਤ ਗੱਲ ਕਰਦਿਆਂ ਇਸਦਾ ਦੋਸ਼ੀ ਹੁਣ ਤੱਕ ਦੀਆਂ ਸਰਕਾਰਾਂ ਨੂੰ ਕਿਹਾ। ਉਹਨਾਂ ਕਿਹਾ ਕਿ ਇਸ ਵਰਗ ਨੂੰ ਹੁਣ ਖੁਦ ਦੀ ਨੁੰਮਾਇੰਦਗੀ ਕਰਨ ਲਈ ਲੀਡਰਸ਼ਿਪ ਤਿਆਰ ਕਰਨੀ ਹੋਵੇਗੀ ਜਿਸਦੇ ਲਈ ਉਸ ਦੇਸ਼ ਭਰ ਵਿੱਚ ਕੰਮ ਕਰ ਰਹੇ ਹਨ। ਉਹਨਾਂ ਕਿਹਾ ਕਿ ਚਾਹੇ ਕਾਂਗਰਸ ਹੈ ਚਾਹੇ ਭਾਜਪਾ ਦੋਵਾਂ ਤੋਂ ਸਾਨੂੰ ਕੁਝ ਨਹੀ ਮਿਲਣ ਵਾਲਾ ਇਸ ਲਈ ਇਹਨਾਂ ਤੇ ਹੋਰ ਵਿਸ਼ਵਾਸ ਕਰਨਾ ਜਾਂ ਇਹਨਾਂ ਨੂੰ ਅਜਮਾਉਣਾ ਮੂਰਖਤਾ ਹੋਵੇਗੀ। ਉਹਨਾਂ ਕਿਹਾ ਪਿਛੜੇ ਵਰਗ ਦੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਹੁਣ ਇੱਕ ਮੰਚ ਤੇ ਇੱਕਠੇ ਹੋਣਾ ਪਵੇਗਾ। ਉਹਨਾਂ ਕਿਹਾ ਕਿ ਬ੍ਰਾਹਮਣ, ਕਸ਼ੱਤਰੀਆ ਅਤੇ ਵੈਸ਼ ਤਿੰਨਾਂ ਵਰਨਾ ਨੇ ਪਿਛੜੇ ਵਰਗ ਤੇ ਬਹੁਤ ਜਿਆਦਾ ਜਿਆਦਤੀਆਂ ਕੀਤੀਆਂ ਹਨ। ਇਹਨਾਂ ਨਾਲ ਵਿਤਕਰਾ ਤਾਂ ਕੀਤਾ ਹੀ ਹੈ ਇਹਨਾਂ ਦਾ ਵਿਕਾਸ ਨਾ ਹੋਵੇ ਉਸਦੇ ਲਈ ਵੀ ਛੜਯੰਤਰ ਕੀਤੇ ਹਨ। ਉਹਨਾਂ ਕਿਹਾ ਕਿ ਅੱਜ ਸਾਰੇ ਸਿਸਟਮ ਨੂੰ ਆਰ ਐਸ ਐਸ ਚਲਾ ਰਹੀ ਹੈ। ਪਿਛੜਾ ਵਰਗ ਵੀ ਆਰ ਐਸ ਐਸ ਲਈ ਕੰਮ ਰਿਹਾ ਹੈ। ਖੁਦ ਮੈਂ ਵੀ ਦੋ ਸਾਲ ਆਰ ਐਸ ਐਸ ਦੀਆਂ ਸਾਖਾਵਾਂ ਲਗਾਉਂਦਾ ਰਿਹਾ ਹਾਂ। ਪਿਛੜੇ ਵਰਗ ਦੇ ਵਿਕਾਸ ਤੇ ਤਰੱਕੀ ਲਈ ਉਹਨਾਂ ਨੂੰ ਆਰ ਐਸ ਐਸ ਦੇ ਗਲਬੇ ਵਿੱਚੋਂ ਕੱਢਣਾ ਹੋਵੇਗਾ। ਉਹਨਾਂ ਕਿਹਾ ਕਿ ਦੇਸ਼ ਭਰ ਵਿੱਚ ਘੁੰਮ ਕੇ ਮੈਂ 50 ਨੁਕਾਤੀ ਪ੍ਰੋਗਰਾਮ ਦੇ ਰਿਹਾ ਹੈ ਜਿਹੜੀ ਵੀ ਪਾਰਟੀ ਉਸ 50 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਵਾਅਦਾ ਕਰਦੀ ਹੈ ਪਿਛੜਾ ਵਰਗ ਉਸੇ ਹੀ ਪਾਰਟੀ ਨੂੰ ਵੋਟ ਕਰੇ। ਸ੍ਰੀ ਲੱਧੜ ਨੇ ਕਿਹਾ ਕਿ ਐਸ ਸੀ ਐਸ ਟੀ, ਓਬੀਸੀ ਅਤੇ ਧਾਰਮਿਕ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਇੱਕ ਹਨ ਇਸ ਲਈ ਇਹਨਾਂ ਨੂੰ ਇੱਕ ਮੰਚ ਤੇ ਇੱਕਠੇ ਹੋ ਕੇ ਸਾਂਝਾ ਸੰਘਰਸ਼ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਇਹਨਾਂ ਵਰਗਾਂ ਨੂੰ ਸਾਂਝਾ ਮਜਬੂਤ ਮੰਚ ਦੇਣ ਲਈ ਪੈਗਾਮ ਕੰਮ ਕਰ ਰਿਹਾ ਹੈ। ਉਹਨਾਂ ਸਾਰਿਆਂ ਨੂੰ ਪੈਗਾਮ ਅਤੇ ਓਬੀਸੀ ਫਰੰਟ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਸ: ਇੰਦਰਜੀਤ ਸਿੰਘ ਅਤੇ ਪੈਗਾਮ ਦੀ ਸੀਨੀਅਰ ਆਗੂ ਹਰਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ ਅਤੇ ਨਾਰੰਗਵਾਲ ਦੀ ਅਗਵਾਈ ਹੇਠ ਆਏ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸ: ਨਾਰੰਗਵਾਲ ਨੇ ਆਏ ਹੋਏ ਮਹਿਮਾਨਾਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਚਰਨ ਸਿੰਘ ਨਾਟੀ, ਪ੍ਰਗਟ ਸਿੰਘ ਰਾਜੇਆਣਾ, ਬਲਜਿੰਦਰ ਸਿੰਘ ਪਨੇਸਰ, ਮੁਖਤਿਆਰ ਸਿੰਘ ਅਰਸੀ, ਕਿਸ਼ੋਰ ਗੁਰੂ, ਸੁਰਿੰਦਰ ਕੌਰ, ਵਰਿੰਦਰ ਸਿੰਘ, ਡਾ: ਨਿਰਮਲ ਸਿੰਘ, ਜਸਪਾਲ ਸਿੰਘ, ਸੁਖਵਿੰਦਰ ਕੌਰ, ਬਲਵੀਰ ਸਿੰਘ, ਚਰਨਜੀਤ ਸਿੰਘ, ਸੋਹਣ ਸਿੰਘ, ਕੁਲਵਿੰਦਰ ਸਿੰਘ ਅਤੇ ਹੋਰ ਹਾਜਰ ਸਨ।



# ਬਾਬਾ ਸੁਖਵੰਤ ਸਿੰਘ ਦੀ ਸਟੇਟ ਪੱਧਰ ਤੇ ਸੇਵਾ ਮੁਕਤ ਹੋਣਾ ਸਿੱਖਿਆ ਵਿਭਾਗ ਵਾਸਤੇ ਮਾਣ ਵਾਲੀ ਗੱਲ

## ਸੁਖਵੰਤ ਸਿੰਘ ਲੈਕਚਰਾਰ ਨੂੰ ਮਿਲਿਆ ਸਨਮਾਨ ਸਲਾਹੁਣਯੋਗ –ਪ੍ਰਿੰਸੀਪਲ ਕਮਲੇਸ਼ ਕੌਰ ਦਿਆਲਗੜ੍ਹ

**ਬਟਾਲਾ (ਬਰਨਾਲ)–** ਸਿੱਖਿਆ ਵਿਭਾਗ ਵਿਚ ਸੇਵਾ ਕਰਕੇ ਮਾਣ ਮੱਤੇ ਢੰਗ ਨਾਲ ਉੱਚ ਅਧਿਕਾਰੀਆਂ ਪਾਸੋਂ ਪ੍ਰਸੰਸਾ ਪੱਤਰ ਲੈ ਕੇ ਸੇਵਾ ਮੁਕਤ ਹੋਣਾ ਵਿਚ ਵੱਖਰੀ ਪਹਿਚਾਣ ਬਣਾਉਂਦੀ ਹੈ। ਤੇ ਇਸੇ ਹੀ ਬਾਬਾ ਸੁਖਵੰਤ ਸਿੰਘ ਲੈਕਚਰਾਰ ਹਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਗੜ (ਬਟਾਲਾ) ਹਨ ਜਿੰਨਾ ਪੰਜਾਬ ਸਕੂਲ ਸਿੱਖਿਆ ਵਿਭਾਗ ਵਲੋਂ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਤੇ ਡੀ ਪੀ ਆਈ ਸੈਕੰਡਰੀ ਦੀ ਹਾਜਰੀ ਵਿਚ ਸੇਵਾ ਮੁਕਤ ਕੀਤਾ ਗਿਆ।

ਇਹਨਾਂ ਸਲਾਹੁਣਯੋਗ ਗੱਲਾ ਕਰਕੇ ਹੀ ਵਿਭਾਗ ਇਕ ਮਿਹਨਤੀ ਅਧਿਆਪਕ ਹੋਣ ਕਰਕੇ ਵਿਭਾਗ ਵਿਚ ਬਾਬਾ ਕਰਕੇ ਜਾਣੇ ਜਾਂਦੇ ਸੁਖਵੰਤ ਸਿੰਘ ਨੇ ਆਪਣੀ ਨੌਕਰੀ ਦੀ ਸ਼ੁਰੂਆਤ ਸਰਕਾਰੀ ਹਾਈ ਸਕੂਲ ਵੀਲਾ ਬੱਜੁ ਤੋ ਕੀਤੀ, ਭੋਮਾਂ ਸਕੂਲ, ਸੈਕੰਡਰੀ ਸਕੂਲ ਢਡਿਆਲਾ ਨਜਾਰਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਗੜ ਵਿਚ ਵਿਦਿਆਰਥੀਆਂ ਨੂੰ ਵਿੱਦਿਆ ਦਾ ਗਿਆਨ ਵੰਡਿਆ ਪੈਂਤੀ ਸਾਲ ਦੀ ਨੌਕਰੀ ਵਿਚ ਕਈ ਵਿਦਿਆਰਥੀ ਅਫਸਰ ਬਣੇ ਤੇ ਅੱਜ ਵੀ ਸੁਖਵੰਤ ਸਿੰਘ ਦਾ ਨਾ ਮਾਣ ਨਾਲ ਲੈਂਦੇ ਹਨ, ਸਮਾਜ ਸੇਵਾ ਦੇ ਨਾਲ ਵਿਦਿਆਰਥੀਆਂ ਦੀ ਹਰ ਜਰੂਰਤ ਭਾਂਵੇ ਪੜਾਈ ਵਿਚ ਹੋਵੇ ਜਾਂ ਆਰਥਿਕ ਹੋਵੇ, ਪਹਿਲ ਦੇ ਅਧਾਰ ਤੇ ਪੂਰੀ ਕੀਤੀ ਕਰਕੇ ਰਹੇ ਹਨ। ਸਕੂਲ ਪ੍ਰਿੰਸੀਪਲ ਸ੍ਰੀ ਮਤੀ ਕਮਲੇਸ਼ ਕੌਰ ਨੇ ਜਾਣ ਕਾਰੀ ਦੌਰਾਨ ਦੱਸਿਆ ਕਿ ਬਾਬਾ ਜੀ ਦੀ ਸੇਵਾ ਮੁਕਤੀ ਦਿਆਲਗੜ ਵਾਸਤੇ ਮਾਣ ਵਾਲੀ ਗੱਲ ਹੈ। ਕਓਿ ਜੋ ਸਟੇਟ ਪੱਧਰ ਤੇ ਸੇਵਾ ਮੁਕਤੀ ਸਮਾਗਮ ਕੀਤਾ ਗਿਆ ਸੀ ਤੇ ਉੱਚ ਅਧਿਕਾਰੀਆਂ ਨੇ ਪ੍ਰਸੰਸਾ ਪੱਤਰ ਦਿੱਤਾ ਗਿਆ ਹੈ। ਜਿਕਰ ਯੋਗ ਹੈ ਕਿ ਸੁਖਵੰਤ ਸਿੰਘ ਬਾਬਾ ਇਸ ਵੇਲੇ ਪੰਥ ਅਕਾਲੀ ਦਲ ਗੁਰੂ ਨਾਨਕ ਦਲ ਪੰਜਾਬ ਦੇ ਇਲਾਕੇ ਜਥੇਦਾਰ ਹਨ ਤੇ ਵਿਸ਼ਵ ਭਰ ਵਿਚ ਪਹਿਚਾਣ ਹੈ। ਸਿੱਖਿਆ ਵਿਭਾਗ ਮਿਹਨਤੀ ਤੇ ਇਮਾਨਦਾਰ ਅਧਿਆਪਕ ਦਾ ਸਦਾ ਸਨਮਾਨ ਕਰਦਾ ਰਹੇਗਾ।






# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ







ਖਬਰ ਦੇਖੋ ਸਫਾ 4 'ਤੇ)

## ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ ਬੀਤੇ ਦਿਨੀਂ ਮਨਾਏ ਗਏ ਗੁਰਪੁਰਬ ਦੀਆਂ ਕੁਝ ਹੋਰ ਝਲਕੀਆਂ











# ਸ਼੍ਰੀਮਤੀ ਸੋਨੀਆ ਸ਼ਰਬਤੀ ਅਤੇ ਸ੍ਰੀ ਵਿਸ਼ਾਲ ਸ਼ਰਬਤੀ ਦੇ ਸਪੁੱਤਰ ਵੰਕੁਸ਼ ਸ਼ਰਬਤੀ ਦੇ ਪਹਿਲੇ ਜਨਮ ਦਿਨ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ



ਸ੍ਰੀ ਵਿਸ਼ਾਲ ਸ਼ਰਬਤੀ ਅਤੇ ਸ੍ਰੀਮਤੀ ਸੋਨੀਆ ਸ਼ਰਬਤੀ ਆਪਣੇ ਲੜਕੇ ਵੰਕੁਸ਼ ਸ਼ਰਬਤੀ ਨਾਲ



ਵੰਕੁਸ਼ ਸ਼ਰਬਤੀ



ਸ੍ਰੀ ਵਿਸ਼ਾਲ ਸ਼ਰਬਤੀ ਅਤੇ ਸ੍ਰੀਮਤੀ ਸੋਨੀਆ ਸ਼ਰਬਤੀ ਆਪਣੀ ਬੇਟੀ ਵੰਸ਼ੂ ਸ਼ਰਬਤੀ, ਲੜਕਾ ਵੰਕੁਸ਼ ਸ਼ਰਬਤੀ ਅਤੇ ਮਾਤਾ ਜੀ ਦੇ ਨਾਲ।

# ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਮੂੰਹ ਸੰਗਤਾਂ ਵੱਲੋਂ ਸ਼ੁਕਰਾਨੇ ਦੇ ਸ਼੍ਰੀ ਅਖੰਡ ਪਾਠ ਦੇ ਭੋਗ ਪਾਏ ਗਏ







ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇ ਆਗਮਨ ਪੁਰਬ ਨੂੰ ਸਮਰਪਿਤ 19ਵੇ ਮਹਾਨ ਨਗਰ ਕੀਰਤਨ ਦੇ ਚੜ੍ਹਦੀ ਕਲਾ ਅਤੇ ਅਨੰਦ ਪੂਰਵਕ ਨੇਪੜੇ ਚੜ੍ਹਨ ਦੀਆਂ ਖੁਸ਼ੀਆਂ ਵਿੱਚ ਸਤਿਗੁਰਾਂ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸਮੂੰਹ ਗੁਰੂਘਰ ਸੰਗਤਾਂ ਵਲੋਂ ਹੋਈ ਜਿਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਸ਼ੁੱਕਰਵਾਰ, 22 ਮਾਰਚ ਨੂੰ ਸਵੇਰੇ 10:30ਵਜੇ ਹੋਏ ਅਤੇ ਭੋਗ ਐਤਵਾਰ, 24 ਮਾਰਚ ਨੂੰ ਸਵੇਰੇ 10:30 ਵਜੇ ਸਵੇਰ ਦੇ ਦਿਵਾਨਾਂ ਵਿਖੇ ਪਏ ਗਏ, ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ।



ਸਟੇਜ਼ ਸਕੱਤਰ ਸ੍ਰੀ ਬਲਜੀਤ ਸਿੰਘ ਨੇ ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮਾਂ ਦੀਆਂ ਜਾਣਕਾਰੀਆਂ ਦਿੰਦੇ ਹੋਏ ਦੱਸਿਆ ਕਿ ਐਤਵਾਰ, ਮਾਰਚ 31 ਨੂੰ ਹਫਤਾਵਾਰੀ ਸਮਾਗ਼ਮ ਸਮੂੰਹ ਸੰਗਤਾਂ ਵੱਲੋਂ ਸਜਾਏ ਜਾਣਗੇ ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦਿਵਾਨ ਸਜਾਏ ਜਾਣਗੇ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਦਰਸ਼ਨ ਦੇ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street
Rio Linda, CA-95673
ਗੁਰੂਘਰ ਫ਼ੋਨ (916) 992-1710
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538
ਸ਼੍ਰੀ ਤੇਜਪਾਲ ਵਿਰਕ ਜੀ (916) 912-5678

ੴ ਸਤਿਗੁਰੂ ਪ੍ਰਸਾਦਿ

**ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ।।**
**ਘਲੇ ਆਵਏ ਨਾਨਕਾ ਸਦਿ ਉਠੀ ਜਾਹਿ।।**

## ਕੈਸ਼ ਫੈਬਰਿਕਸ ਦੇ ਕਸ਼ਮੀਰ ਸਿੰਘ ਧੁੱਗਾ ਨੂੰ ਸਦਮਾ, ਮਾਤਾ ਸਵਰਗਵਾਸ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਸ਼ੁੱਕਰਵਾਰ ਮਾਰਚ 22 ਦੀ ਦੇਰ ਰਾਤ ਨੂੰ ਬੀਬੀ ਗੁਰਬੰਤ ਕੌਰ ਧੁੱਗਾ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦਾ ਸਸਕਾਰ ਮਾਰਚ 31, 2019 ਦਿਨ ਐਤਵਾਰ ਨੂੰ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਚੈਪਲ ਆਫ ਦੀ ਚਾਈਮ ਹੇਵਰਡ ਵਿਚ ਕੀਤਾ ਜਾਵੇਗਾ। ਉਹ ਆਪਣੇ ਪਿੱਛੇ ਤਿੰਨ ਧੀਆਂ ਮਨਜੀਤ ਕੌਰ ਜੰਡਾ, ਤਸਵੀਰ ਕੌਰ ਧੁੱਗਾ, ਨੀਲਮ ਧੁੱਗਾ ਢਿੱਲੋਂ ਤੇ ਦੋ ਪੁੱਤਰ ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ) ਤੇ (ਕਵੀ ਰਾਜ਼) ਅਜਾਇਬ ਸਿੰਘ ਧੁੱਗਾ ਨੂੰ ਛੱਡ ਗਏ ਹਨ। ਸਸਕਾਰ ਤੋਂ ਮਗਰੋਂ ਗੁਰੂ ਘਰ ਫਰੀਮਾਂਟ ਵਿਚ ਅੰਤਿਮ ਅਰਦਾਸ ਹੋਵੇਗੀ, ਸਹਿਜ ਪਾਠ ਦੇ ਭੋਗ ਪਾਏ ਜਾਣਗੇ।

ਅਦਾਰਾ **'ਦੇਸ਼ ਦੁਆਬਾ'** ਵਿਛੜੀ ਆਤਮਾ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਅਦਾਰਾ ਧੁੱਗਾ ਪਰਿਵਾਰ ਨਾਲ ਦਿਲੀ ਦੁੱਖ ਸਾਂਝਾ ਕਰਦਾ ਹੈ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ:**

**ਕਸ਼ਮੀਰ ਸਿੰਘ ਧੁੱਗਾ- 510-816-9044**

# ਮਹਾਂਰਿਸ਼ੀ ਵਾਲਮੀਕ ਟੈਂਪਲ ਦਾ ਤੀਸਰਾ ਸਥਾਪਨਾ ਦਿਵਸ ਮਨਾਇਆ ਗਿਆ




















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


# ਮਹਾਂਰਿਸ਼ੀ ਵਾਲਮੀਕ ਟੈਂਪਲ ਦਾ ਤੀਸਰਾ ਸਥਾਪਨਾ ਦਿਵਸ ਮਨਾਇਆ ਗਿਆ
























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



## ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥1॥ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥1॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 642ਵਾਂ ਪ੍ਰਕਾਸ਼ ਦਿਹਾੜਾ 31 ਮਾਰਚ 2019 ਦਿਨ ਐਤਵਾਰ ਨੂੰ 31252 Veasy Street Union City (CA) 94587 ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**Ram Saroay**
**Broker/Realtor**
Business License 031035
ramsaroay@hotmail.com



**Amrik Chand (CPA)**
Phone : 510-490-8200
Fax : 510-490-8202
Email : achand@pacbell.net





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# TANDOOR
## Indian Restaurant

**27167 Mission Blvd. Hayward, CA 95544**







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

**530-824-5134**

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:

**650-642-0697**

**3525 Highway 99, West Corning, CA 96021**
Across the Street from TA Truck Stop

# ਬਾਬਾ ਨਿਧਾਨ ਸਿੰਘ ਜੀ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ- ਡਾ.ਸਰੋਆ

## ਬਾਬਾ ਨਿਧਾਨ ਸਿੰਘ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ





**ਨਡਾਲੋਂ (ਹੁਸ਼ਿਆਰਪੁਰ)–** ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ ਉਹਨਾਂ ਦੇ ਜੱਦੀ ਪਿੰਡ ਨਡਾਲੋਂ ਵਿਖੇ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਬਾਬਾ ਦੀਵਾਨ ਸਿੰਘ ਅਤੇ ਬਾਬਾ ਨਿਧਾਨ ਸਿੰਘ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਡਾ. ਪਰਮਜੀਤ ਸਿੰਘ ਸਰੋਆ ਵਧੀਕ ਸਕੱਤਰ ਦੁਆਬਾ ਜੋਨ ਵੱਲੋਂ ਹਾਜਰੀ ਭਰੀ ਗਈ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ, ਜਿਨ੍ਹਾਂ ਨੇ ਸੇਵਾ, ਸਿਮਰਨ ਅਤੇ ਪਰਉਪਕਾਰੀ ਭਾਵਨਾਂ ਰਾਹੀਂ ਸੰਤ ਜਨ ਦਾ ਰੁਤਬਾ ਹਾਸਲ ਕਰਕੇ ਸੇਵਾ ਦੇ ਖੇਤਰ ਵਿੱਚ ਮਿਸਾਲੀ ਯੋਗਦਾਨ ਪਾਇਆ ਹੈ। ਸਮਾਗਮ ਮੌਕੇ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਵੱਲੋਂ ਤਿਆਰ ਕੈਲੰਡਰ, ਪੈਂਫਲਟ ਵੰਡੇ ਗਏ। ਪ੍ਰਿ: ਸਤਪਾਲ ਸਿੰਘ ਨਡਾਲੋਂ ਵੱਲੋਂ ਲਿਖੀ ਪੁਸਤਕ ਸੰਤ ਨਿਧਾਨ ਸਿੰਘ ਨੂੰ ਵੀ ਸੰਗਤਾਂ ਨੂੰ ਮੁਫ਼ਤ ਵੰਡਿਆ ਗਿਆ। ਇਸ ਮੌਕੇ ਹਲਕਾ ਮੈਂਬਰ ਸ਼੍ਰੋਮਣੀ ਕਮੇਟੀ ਬੀਬੀ ਰਣਜੀਤ ਕੌਰ ਨੇ ਵੀ ਸੰਗਤਾਂ ਨੂੰ ਜੀ-ਆਇਆਂ ਆਖਿਆ ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਨਾਮ ਸਿੰਘ, ਕਵੀਸ਼ਰ ਭਾਈ ਗੁਰਿੰਦਰਪਾਲ ਸਿੰਘ ਬੈਕਾਂ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਸੇਵਾ ਤੇ ਸਿਮਰਨ ਤੋਂ ਜਾਣੂ ਕਰਵਾਇਆ। ਸਮਾਗਮ ਵਿੱਚ ਭਾਈ ਸੁਖਦੇਵ ਸਿੰਘ ਨਡਾਲੋਂ ਦੇ ਕੀਰਤਨੀ ਜਥੇ ਵੱਲੋਂ ਸੰਗਤਾ ਨੂੰ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕਰਵਾਇਆ ਗਿਆ। ਭਾਈ ਤਰਸੇਮ ਸਿੰਘ ਮੋਰਾਂਵਾਲੀ ਦੇ ਢਾਡੀ ਜੱਥੇ ਵੱਲੋਂ ਬਾਬਾ ਨਿਧਾਨ ਸਿੰਘ ਜੀ ਦੇ ਜੀਵਨ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ। ਸਟੇਜ ਸਕੱਤਰ ਦੀ ਸੇਵਾ ਭਾਈ ਜੈਦੀਪ ਸਿੰਘ ਨੇ ਬਾਖੂਬੀ ਨਿਭਾਈ। ਬੀਬੀ ਦਲੇਰ ਕੌਰ ਖ਼ਾਲਸਾ ਦੇ ਢਾਡੀ ਜਥੇ ਨੇ ਵੀ ਹਾਜ਼ਰੀ ਭਰੀ। ਸੰਗਤਾਂ ਦੀ ਸਹੂਲਤ ਲਈ ਰਵਜੋਤ ਹਸਪਤਾਲ ਹੁਸ਼ਿਆਰਪੁਰ ਵੱਲੋਂ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਸਮਾਗਮ ਮੌਕੇ ਅੰਮ੍ਰਿਤ ਸੰਚਾਰ ਦੀ ਕੀਤਾ ਗਿਆ, ਜਿਸ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ।

ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਸ਼ਾਮਲ ਸੰਗਤਾਂ ਤੋਂ ਇਲਾਵਾ ਉੱਘੀ ਧਾਰਮਿਕ ਸ਼ਖ਼ਸੀਅਤ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ, ਬੀਬੀ ਜਸਪ੍ਰੀਤ ਕੌਰ ਮਾਹਿਲਪੁਰ, ਬਾਬਾ ਜਸਵੰਤ ਸਿੰਘ ਠੱਕਰਵਾਲ ਵਾਲੇ, ਸ. ਹਰਵਿੰਦਰ ਸਿੰਘ, ਬੀਬੀ ਰਣਜੀਤ ਕੌਰ ਮਾਹਿਲਪੁਰ, ਸਤਪਾਲ ਸਿੰਘ ਨਡਾਲੋਂ, ਸੁਖਵਿੰਦਰ ਸਿੰਘ ਬਿੱਲਾ ਪ੍ਰਧਾਨ ਲੋਕਲ ਗੁਰਦੁਆਰਾ ਕਮੇਟੀ, ਭਾਈ ਗੁਰਮੁਖ ਸਿੰਘ, ਹਰਪਾਲ ਸਿੰਘ, ਬਲਵਿੰਦਰ ਸਿੰਘ, ਸਾਰੇ ਮੈਂਬਰ ਲੋਕਲ ਕਮੇਟੀ, ਭਾਈ ਦਿਆਲ ਸਿੰਘ ਕਥਾਵਾਚਕ ਅਤੇ ਸਤਨਾਮ ਸਿੰਘ ਗ੍ਰੰਥੀ ਵੀ ਹਾਜਰ ਸਨ।

# ਵਿਧਾਇਕ ਬੈਂਸ ਨੇ ਬਸਪਾ ਦੇ ਯੂਥ ਵਿੰਗ ਦੇ ਪ੍ਰਧਾਨ ਹਰਸ਼ਦੀਪ ਸਿੰਘ ਮਹਿਦੂਦਾਂ ਨੂੰ ਦਿੱਤਾ ਥਾਪੜਾ

**ਲੁਧਿਆਣਾ–** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਪੰਜਾਬ ਡੈਮੋਕ੍ਰੇਟਿਵ ਅਲਾਇੰਸ ਦੇ ਉਮੀਦਵਾਰ ਇੰਜ: ਮਨਵਿੰਦਰ ਸਿੰਘ ਗਿਆਸਪੁਰਾ ਨੇ ਬਹੁਜਨ ਸਮਾਜ ਪਾਰਟੀ ਹਲਕਾ ਸਾਹਨੇਵਾਲ ਯੂਥ ਵਿੰਗ ਦੇ ਨਵਨਿਯੁਕਤ ਪ੍ਰਧਾਨ ਹਰਸ਼ਦੀਪ ਸਿੰਘ ਮਹਿਦੂਦਾਂ ਦਾ ਸਿਰੋਪਾਓ ਪਾ ਕੇ ਸਨਮਾਨ ਕਰਦਿਆਂ ਚੜਦੀ ਕਲਾ ਦਾ ਥਾਪੜਾ ਦਿੱਤਾ। ਇਸ ਮੌਕੇ ਸ: ਬੈਂਸ ਨੇ ਕਿਹਾ ਕਿ ਹਰਸ਼ਦੀਪ ਸਿੰਘ ਮਹਿਦੂਦਾਂ ਨੇ ਛੋਟੀ ਉਮਰ ਵਿੱਚ ਹੀ ਰਾਜਨੀਤੀ ਵਿੱਚ ਆ ਕੇ ਚੰਗਾ ਸੁਨੇਹਾ ਦਿੱਤਾ ਹੈ। ਇਸ ਨੌਜਵਾਨ ਵਾਂਗ ਹੋਰਨਾਂ ਨੌਜਵਾਨਾਂ ਨੂੰ ਵੀ ਪੜਾਈ ਦੇ ਨਾਲ ਨਾਲ ਰਾਜਨੀਤੀ ਵੱਲ ਸਮਾਂ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹਰਸ਼ਦੀਪ ਵਾਂਗ ਪੰਜਾਬ ਭਰ 'ਚੋਂ ਵੱਡੀ ਗਿਣਤੀ ਵਿੱਚ ਨੌਜਵਾਨ ਪੰਜਾਬ ਡੈਮੋਕ੍ਰੇਟਿਵ ਅਲਾਇੰਸ ਦੀ ਜਿੱਤ ਲਈ ਡੱਟ ਗਏ ਹਨ। ਨੌਜਵਾਨਾਂ ਦੇ ਉਤਸ਼ਾਹ ਅਤੇ ਜੋਸ਼ ਨੂੰ ਦੇਖਕੇ ਏਹ ਦਾਅਵਾ ਹੈ ਕਿ ਪੀ ਡੀ ਏ ਗਠਜੋੜ ਦੇ ਉਮੀਦਵਾਰਾਂ ਦੀ ਜਿੱਤ



ਵਿੱਚ ਨੌਜਵਾਨ ਸ਼ਕਤੀ ਦਾ ਵੱਡਾ ਰੋਲ ਹੋਵੇਗਾ। ਹਰਸ਼ਦੀਪ ਸਿੰਘ ਮਹਿਦੂਦਾਂ ਨੇ ਕਿਹਾ ਕਿ ਉਹ ਭੈਣ ਕੁਮਾਰੀ ਮਾਇਆਵਤੀ ਨੂੰ 2019 ਦੀਆਂ ਲੋਕ ਸਭਾ ਚੋਣਾਂ ਰਾਹੀਂ ਦੇਸ਼ ਦੀ ਪ੍ਰਧਾਨ ਮੰਤਰੀ ਬਣਿਆ ਦੇਖਣਾ ਚਾਹੁੰਦੇ ਹਨ ਇਸਦੇ ਲਈ ਉਹ ਦਿਨ ਰਾਤ ਮੇਹਨਤ ਕਰਕੇ ਗਠਜੋੜ ਦੇ ਉਮੀਦਵਾਰ ਇੰਜ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਇੱਕ ਇੱਕ ਵੋਟ ਪੁਵਾਉਣ ਲਈ ਪ੍ਰਚਾਰ ਕਰਨਗੇ। ਇਸ ਮੌਕੇ ਗੁਰਮੀਤ ਸਿੰਘ ਮੁੰਡੀਆਂ, ਪ੍ਰੋ ਜਸਵੰਤ ਸਿੰਘ ਗੱਜਣਮਾਜਰਾ, ਲਾਭ ਸਿੰਘ ਭਾਮੀਆਂ ਇੰਚਾਰਜ ਬਸਪਾ ਦੇਹਾਤੀ, ਜਗਦੀਪ ਸਿੰਘ ਕਾਲਾ ਘਵੱਦੀ, ਕੁਲਵੰਤ ਸਿੰਘ ਫਤਿਹਗੜ, ਡਾ: ਜਸਪ੍ਰੀਤ ਸਿੰਘ ਬੀਜਾ, ਮਾਸਟਰ ਰਾਮਾਨੰਦ, ਬਲਦੇਵ ਸਿੰਘ ਕੂੰਮਕਲਾ, ਰਾਮਲੋਕ ਕੁਲੀਏਵਾਲ, ਮਾਘੀ ਰਾਮ, ਕਰਮਜੀਤ ਸਿੰਘ, ਹਰਸ਼ਦੀਪ ਤ੍ਰਿਲੋਕ ਸਿੰਘ ਸੱਤਿਆਗ੍ਰੇਹੀ, ਰਾਜੂ ਨਾਮਧਾਰੀ ਅਤੇ ਅਮਰਿੰਦਰ ਸਿੰਘ ਸੇਖੋਂ ਆਦਿ ਹਾਜਰ ਸਨ।

# ਜਲੰਧਰ ਦੇ ਕਰਮਬੀਰ ਸਿੰਘ ਭਾਰਤੀ ਜਲ ਸੈਨਾ ਦੇ ਅਗਲੇ ਮੁਖੀ ਨਿਯੁਕਤ

**ਨਵੀਂ ਦਿੱਲੀ–** ਵਾਈਸ ਐਡਮਿਰਲ ਕਰਮਬੀਰ ਸਿੰਘ ਨੂੰ ਭਾਰਤੀ ਜਲ ਸੈਨਾ ਦਾ ਅਗਲਾ ਮੁਖੀ ਥਾਪਿਆ ਗਿਆ ਹੈ। ਉਹ ਐਡਮਿਰਲ ਸੁਨੀਲ ਲਾਂਬਾ ਦੀ ਥਾਂ ਲੈਣਗੇ ਜੋ ਕਿ 30 ਮਈ ਨੂੰ ਸੇਵਾਮੁਕਤ ਹੋ ਰਹੇ ਹਨ। ਰੱਖਿਆ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਇਸ ਨਿਯੁਕਤੀ ਲਈ ਮੈਰਿਟ ਆਧਾਰਿਤ ਪਹੁੰਚ ਅਪਣਾਈ ਗਈ ਹੈ ਤੇ ਸੀਨੀਆਰਤਾ ਨੂੰ ਆਧਾਰ ਨਹੀਂ ਬਣਾਇਆ ਗਿਆ। ਸੰਨ 1959 ਵਿਚ ਜਨਮੇ ਵਾਈਸ ਐਡਮਿਰਲ ਕਰਮਬੀਰ ਸਿੰਘ ਨੂੰ ਜੁਲਾਈ 1980 ਵਿਚ ਕਮਿਸ਼ਨ ਮਿਲਿਆ ਸੀ। ਇਸ ਤੋਂ ਬਾਅਦ 1982 ਵਿਚ ਉਹ ਜਲ ਸੈਨਾ 'ਚ ਹੈਲੀਕੌਪਟਰ ਪਾਇਲਟ ਬਣੇ ਤੇ ਚੇਤਕ ਅਤੇ ਕਾਮੋਵ ਹੈਲੀਕੌਪਟਰ ਨਾਲ ਸੇਵਾਵਾਂ ਦਿੱਤੀਆਂ।




ਉਹ ਰੱਖਿਆ ਸੇਵਾਵਾਂ ਸਟਾਫ਼ ਕਾਲਜ (ਵੈਲਿੰਗਟਨ) ਤੇ ਜਲ ਸੈਨਾ ਜੰਗੀ ਸਿਖ਼ਲਾਈ ਕਾਲਜ (ਮੁੰਬਈ) ਤੋਂ ਗ੍ਰੈਜੂਏਟ ਹਨ ਤੇ ਜਲ ਸੈਨਾ ਮੁਖੀ ਬਣਨ ਵਾਲੇ ਪਹਿਲੇ ਹੈਲੀਕੌਪਟਰ ਪਾਇਲਟ ਹਨ। ਕਰਮਬੀਰ ਸਿੰਘ ਜਲੰਧਰ ਨਾਲ ਸਬੰਧਤ ਹਨ ਤੇ 'ਪਰਮ ਵਸ਼ਿਸ਼ਟ ਸੇਵਾ ਮੈਡਲ' ਤੇ 'ਅਤੀ ਵਸ਼ਿਸ਼ਟ ਸੇਵਾ ਮੈਡਲ' ਨਾਲ ਸਨਮਾਨੇ ਜਾ ਚੁੱਕੇ ਹਨ। ਅੰਡੇਮਾਨ ਤੇ ਨਿਕੋਬਾਰ ਕਮਾਂਡ ਦੇ ਮੁਖੀ ਵਾਇਸ ਐਡਮਿਰਲ ਵਿਮਲ ਵਰਮਾ ਜੋ ਕਿ ਸਿੰਘ ਤੋਂ ਸੀਨੀਅਰ ਹਨ, ਵੀ ਜਲ ਸੈਨਾ ਦੇ ਸਿਖ਼ਰਲੇ ਅਹੁਦੇ ਦੇ ਦਾਅਵੇਦਾਰਾਂ ਵਿਚ ਸਨ। ਮੌਜੂਦਾ ਸਮੇਂ ਕਰਮਬੀਰ ਸਿੰਘ ਪੂਰਬੀ ਜਲ ਸੈਨਾ ਕਮਾਂਡ (ਵਿਸ਼ਾਖਾਪਟਨਮ) ਵਿਚ 'ਫ਼ਲੈਗ ਆਫ਼ੀਸਰ ਕਮਾਂਡਿੰਗ ਇਨ ਚੀਫ਼' (ਐਫਓਸੀ-ਇਨ-ਸੀ) ਹਨ। ਉਹ 31 ਮਈ ਨੂੰ ਜਲ ਸੈਨਾ ਮੁਖੀ ਦਾ ਅਹੁਦਾ ਸੰਭਾਲਣਗੇ। ਵਿਸ਼ਾਖਾਪਟਨਮ ਵਿਚ ਅਕਤੂਬਰ 2017 'ਚ ਅਹੁਦਾ ਸੰਭਾਲਣ ਤੋਂ ਪਹਿਲਾਂ ਉਹ ਜਲ ਸੈਨਾ ਸਟਾਫ਼ ਦੇ ਉਪ ਮੁਖੀ ਵੀ ਰਹਿ ਚੁੱਕੇ ਹਨ। ਵਰਮਾ ਤੋਂ ਇਲਾਵਾ ਜਲ ਸੈਨਾ ਮੁਖੀ ਅਹੁਦੇ ਦੇ ਦਾਅਵੇਦਾਰਾਂ ਵਿਚ ਉਪ ਮੁਖੀ ਜਲ ਸੈਨਾ ਸਟਾਫ਼ ਵਾਇਸ ਐਡਮਿਰਲ ਜੀ ਅਸ਼ੋਕ ਕੁਮਾਰ, ਪੱਛਮੀ ਜਲ ਸੈਨਾ ਕਮਾਂਡ ਦੇ ਐਫਓਸੀ-ਇਨ-ਸੀ ਵਾਇਸ ਐਡਮਿਰਲ ਅਜੀਤ ਕੁਮਾਰ ਤੇ ਦੱਖਣੀ ਕਮਾਂਡ ਦੇ ਐਫਓਸੀ-ਇਨ-ਸੀ ਵਾਇਸ ਐਡਮਿਰਲ ਅਨਿਲ ਕੁਮਾਰ ਚਾਵਲਾ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ ਵੀ 2016 'ਚ ਥਲ ਸੈਨਾ ਮੁਖੀ ਲਾਉਂਦਿਆਂ ਸਰਕਾਰ ਨੇ ਸੀਨੀਆਰਤਾ ਨੂੰ ਆਧਾਰ ਨਹੀਂ ਬਣਾਇਆ ਸੀ।

# ਕਾਂਗਰਸ ਦਾ ਐਲਾਨ, ਔਰਤਾਂ ਦੇ ਖਾਤਿਆਂ 'ਚ ਆਉਣਗੇ 72-72 ਹਜ਼ਾਰ ਰੁਪਏ

**ਨਵੀਂ ਦਿੱਲੀ–** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਵਾਅਦਾ ਕਰਦੇ ਹੋਏ ਦੇਸ਼ ਦੇ 20 ਫੀਸਦ ਸਭ ਤੋਂ ਗਰੀਬਾਂ ਨੂੰ ਹਰ ਸਾਲ 72 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਸੀ। ਕਾਂਗਰਸ ਨੇ ਅੱਜ ਇਸ ਘੱਟੋ-ਘੱਟ ਆਮਦਨ ਯੋਜਨਾ ਬਾਰੇ ਇੱਕ ਹੋਰ ਵੱਡਾ ਐਲਾਨ ਕੀਤਾ ਹੈ।ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਘੱਟੋ-ਘੱਟ ਆਮਦਨ ਤਹਿਤ ਦਿੱਤੀ ਜਾਣ ਵਾਲੀ 72 ਹਜ਼ਾਰ ਰੁਪਏ ਦੀ ਰਕਮ ਸਿੱਧੇ ਘਰ ਦੀਆਂ ਔਰਤਾਂ ਦੇ ਖਾਤੇ 'ਚ ਪਾਈ ਜਾਵੇਗੀ। ਕਾਂਗਰਸ ਨੇ ਆਪਣੀ ਇਸ ਸਕੀਮ ਨੂੰ ਮਹਿਲਾ ਕੇਂਦਰਤ ਯੋਜਨਾ ਕਿਹਾ ਹੈ। ਇਸ ਦੇ ਨਾਲ ਹੀ ਮੋਦੀ ਨੂੰ ਗਰੀਬ ਵਿਰੋਧੀ ਹੋਣ ਦਾ ਇਲਜ਼ਾਮ ਵੀ ਲਾਇਆ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੱਲ੍ਹ ਐਲਾਨ ਕੀਤਾ ਸੀ ਕਿ ਸਾਡੀ ਸਰਕਾਰ ਬਣੀ ਤਾਂ ਸਭ ਤੋਂ ਗਰੀਬ 20% ਪਰਿਵਾਰਾਂ ਨੂੰ 72,000 ਰੁਪਏ ਸਾਲਾਨਾ ਮਦਦ ਦੇਣ ਦਾ ਵਾਅਦਾ ਕੀਤਾ ਹੈ। ਇਸ ਯੋਜਨਾ 'ਚ ਜ਼ਿਆਦਾ ਤੋਂ ਜ਼ਿਆਦਾ 6000 ਰੁਪਏ ਮਹੀਨਾ ਦਿੱਤੇ ਜਾਣਗੇ।

ਰਾਹੁਲ ਨੇ ਦਾਅਵਾ ਕੀਤਾ ਹੈ ਕਿ ਇਸ ਦਾ ਫਾਇਦਾ 5 ਕਰੋੜ ਪਰਿਵਾਰਾਂ ਨੂੰ ਹੋਵੇਗਾ, ਜਿਸ ਨਾਲ ਸਰਕਾਰੀ ਖਜਾਨੇ 'ਤੇ 3.6 ਲੱਖ ਕਰੋੜ ਦਾ ਬੋਝ ਪਵੇਗਾ। ਇਸ ਨਾਲ ਮੌਜੂਦਾ ਸਰਕਾਰ ਦਾ ਮੌਜੂਦਾ ਵਿੱਤੀ ਘਾਟਾ 7 ਲੱਖ ਕਰੋੜ ਤੋਂ ਵੱਧ 10.6 ਲੱਖ ਕਰੋੜ ਹੋ ਜਾਵੇਗਾ।

# ਬੀਜੇਪੀ ਦੀ ਪ੍ਰਚਾਰਕ ਲਿਸਟ ਚੋਂ ਵੀ ਅਡਵਾਨੀ ਅਤੇ ਜੋਸ਼ੀ ਦੇ ਨਾਂਅ ਗਾਇਬ

**ਨਵੀਂ ਦਿੱਲੀ–** ਲੋਕਸਭਾ ਚੋਣਾਂ ਦੇ ਲਈ ਬੀਜੇਪੀ ਨੇ ਜ਼ਬਰਦਸਤ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜਿਸ ਦੇ ਲਈ ਭਾਜਪਾ ਦੇ ਤਮਾਮ ਵੱਡੇ ਨੇਤਾ ਵੱਖ-ਵੱਖ ਵੱਡੇ ਸ਼ਹਿਰਾਂ 'ਚ ਪ੍ਰਚਾਰ ਕਰ ਰਹੇ ਹਨ। ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ 28 ਮਾਰਚ ਤੋਂ ਪ੍ਰਚਾਰ ਮੈਦਾਨ 'ਚ ਉਤਰਣ ਜਾ ਰਹੇ ਹਨ। ਇਸੇ ਦੌਰਾਨ ਭਾਜਪਾ ਨੇ ਆਪਣੇ ਪ੍ਰਚਾਰਕਾਂ ਦੀ ਲਿਸਟ ਵੀ ਜਾਰੀ ਕਰ ਦਿੱਤੀ ਹੈ। ਜਿਸ 'ਚ ਮੋਦੀ-ਸ਼ਾਹ ਸਮੇਤ ਤਮਾਮ ਵੱਡੇ ਨੇਤਾਵਾਂ ਦੇ ਨਾਂਅ ਹਨ।



ਇਸ ਲਿਸਟ 'ਚ ਹੈਰਾਨ ਕਰਨ ਵਾਲੀ ਗੱਲ ਹੈ ਕਿ ਸੂਚੀ 'ਚ ਵੀ ਬੀਜੇਪੀ ਦੇ ਸੰਸਥਾਪਕ ਰਹੇ ਲਾਲਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਦਾ ਨਾਂਅ ਸ਼ਾਮਲ ਨਹੀ ਹੈ। ਬੀਜੇਪੀ ਨੇ ਪਹਿਲਾਂ ਅਡਵਾਨੀ ਦੀ ਥਾਂ ਗੰਗਾਨਗਰ ਤੋਂ ਅਮਿਤ ਸ਼ਾਹ ਨੂੰ ਉਮੀਦਵਾਰ ਐਲਾਨਿਆ ਅਤੇ ਹੋਣ ਖ਼ਬਰ ਹੈ ਕਿ ਕਾਨਪੁਰ ਤੋਂ ਮੁਰਲੀ ਮਨੋਹਰ ਜੋਸ਼ੀ ਦਾ ਟਿਕਟ ਵੀ ਕੱਟ ਸਕਦੀ ਹੈ। ਜੇਕਰ ਭਾਜਪਾ ਦੀ ਸਟਾਰ ਪ੍ਰਚਾਰਕਾਂ ਦੀ ਲਿਸਟ ਦੀ ਗੱਲ ਕਰੀਏ ਤਾਂ ਇਸ 'ਚ ਨਰੇਂਦਰ ਮੋਦੀ, ਅਮਿਤ ਸ਼ਾਹ, ਰਾਜਨਾਥ ਸਿੰਘ, ਅਰੁਣ ਜੇਟਲੀ, ਸੁਸ਼ਮਾ ਸਵਰਾਜ, ਪਿਯੂਸ਼ ਗੋਇਲ, ਮਨੋਜ ਤਿਵਾਰੀ, ਦਿਨੇਸ਼ ਸ਼ਰਮਾ ਅਤੇ ਕੇਸ਼ਵ ਪ੍ਰਸਾਦ ਮੌਰਿਆ ਜਿਹੇ ਹੋਰ ਕਈ ਨੇਤਾਵਾਂ ਦੇ ਨਾਂਅ ਸ਼ਾਮਲ ਹੈ।

# ਰਾਹੁਲ ਦੀ ਆਮਦਨ- ਲੱਖਪਤੀ ਤੋਂ ਕਰੋੜਪਤੀ ਬਣਨ 'ਤੇ ਸਵਾਲ

**ਨਵੀਂ ਦਿੱਲੀ–** ਬੀਜੇਪੀ ਨੇ ਸਾਲ 2004 ਤੋਂ 2014 ਵਿਚਾਲੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਆਮਦਨ ਸਬੰਧੀ ਸਵਾਲ ਖੜੇ ਕੀਤੇ ਹਨ। ਬੀਜੇਪੀ ਦਾ ਦਾਅਵਾ ਹੈ ਕਿ ਰਾਹੁਲ ਗਾਂਧੀ ਕੋਲ ਆਮਦਨ ਦਾ ਕੋਈ ਪੁਖ਼ਤਾ ਸਰੋਤ ਨਹੀਂ। ਫਿਰ ਵੀ ਉਨ੍ਹਾਂ ਦੀ ਆਮਦਨ 55 ਲੱਖ ਤੋਂ 9 ਕਰੋੜ ਤਕ ਕਿਵੇਂ ਪਹੁੰਚ ਗਈ? ਕਾਂਗਰਸ ਨੇ ਫਿਲਹਾਲ ਇਸ ਮਾਮਲੇ ਬਾਰੇ ਕੋਈ ਟਿੱਪਣੀ ਨਹੀਂ ਕੀਤੀ।ਬੀਜੇਪੀ ਲੀਡਰ ਤੇ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਮੀਡੀਆ ਨੂੰ ਕਿਹਾ ਕਿ ਗਾਂਧੀ ਦੇ ਚੋਣ ਹਲਫਨਾਮਿਆਂ ਮੁਤਾਬਕ 2004



ਵਿੱਚ ਉਨ੍ਹਾਂ ਦੀ ਆਮਦਨ 5 ਲੱਖ ਰੁਪਏ ਸੀ ਜੋ 2014 ਵਿੱਚ ਵਧ ਕੇ 9 ਕਰੋੜ ਰੁਪਏ ਹੋ ਗਈ। ਪ੍ਰਸਾਦ ਨੇ ਸਵਾਲ ਕੀਤਾ ਕਿ ਕਿਸੇ ਸਾਂਸਦ ਦੀ ਤਨਖ਼ਾਹ ਵਿੱਚ ਇੰਨਾ ਵਾਧਾ ਕਿਵੇਂ ਹੋ ਸਕਦਾ ਹੈ।ਪ੍ਰਸਾਦ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਇੱਕ ਸੰਸਦ ਮੈਂਬਰ ਕਿੰਨਾ ਕਮਾਉਂਦਾ ਹੈ। ਉਨ੍ਹਾਂ ਪੁੱਛਿਆ ਕਿ ਆਮਦਨ ਦੇ ਕਿਸੀ ਚੰਗੇ ਸਰੋਤ ਬਿਨਾਂ ਰਾਹੁਲ ਗਾਂਧੀ ਦਾ ਵਿਕਾਸ ਮਾਡਲ ਕੀ ਹੈ? ਉਨ੍ਹਾਂ ਸਵਾਲ ਕੀਤਾ ਕਿ ਕੀ ਰਾਹੁਲ ਨੇ 2ਘ ਸਪੈਕਟ੍ਰਮ ਘਪਲੇ ਨਾਲ ਸਬੰਧਤ ਕੰਪਨੀ ਯੂਨੀਟੈਕ ਕੋਲੋਂ ਦੋ ਜਾਇਦਾਦਾਂ ਖਰੀਦੀਆਂ ਸੀ?

# ਕੋਈ ਸਿਆਸੀ ਦਲ ਨਹੀਂ ਚਾਹੁੰਦਾ ਚੋਣ ਸੁਧਾਰ

**ਦੇਸ਼ ਵਿੱਚ ਇਸ ਵੇਲੇ 2200 ਤੋਂ ਵੱਧ ਸਿਆਸੀ ਪਾਰਟੀਆਂ ਹਨ ਜੋ ਚੋਣ ਕਮਿਸ਼ਨ ਕੋਲ ਰਜਿਸਟਰਡ ਹਨ। ਇਹਨਾ ਨੂੰ ਆਮਦਨ ਟੈਕਸ ਵਿੱਚ ਛੋਟ ਮਿਲਦੀ ਹੈ। ਇਹ ਲਗਭਗ ਸਾਰੇ ਸਿਆਸੀ ਦਲ 2000 ਰੁਪਏ ਤੱਕ ਦਾ ਨਕਦ ਚੰਦਾ ਲੈਣ ਦੇ ਨਿਯਮ ਦੀ ਆੜ ਵਿੱਚ ਗੁੰਮਨਾਮ ਸਮਰੱਥਕਾਂ ਦਾ ਚੰਦਾ ਵਿਖਾਕੇ ਅਰਬਾਂ ਰੁਪਏ ਦੇ ਕਾਲੇ ਧਨ ਨੂੰ ਰਾਜਨੀਤੀ ਵਿੱਚ ਖਪਾ ਦਿੰਦੇ ਹਨ। ਨੋਟਬੰਦੀ ਵੇਲੇ ਆਮ ਜਨਤਾ ਨੂੰ ਲੱਖ ਤਕਲੀਫਾਂ ਉਠਾਉਣੀਆਂ ਪਈਆਂ ਹੋਣ ਲੇਕਿਨ ਸਿਆਸੀ ਦਲਾਂ ਦੇ ਖਾਤਿਆਂ ਵਿੱਚ ਵੱਡੀ ਨਕਦੀ ਜਮ੍ਹਾਂ ਹੋਣ ਦੇ ਬਾਵਜੂਦ ਉਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।**



ਗੁਰਮੀਤ ਪਲਾਹੀ
91-98158-02070

ਦੇਸ਼ ਦੀ ਸੁਪਰੀਮ ਕੋਰਟ ਨੇ ਪਿਛਲੇ ਸਾਲ ਫਰਵਰੀ ਵਿੱਚ ਲੋਕ ਪ੍ਰਤੀਨਿੱਧਤਾ ਕਰਨ ਵਾਲੇ ਸਿਆਸਤਦਾਨਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਨੂੰ ਹੁਕਮ ਦਿੱਤੇ ਸਨ, ਜਿਹਨਾ ਵਿਚੋਂ ਸਰਕਾਰ ਵਲੋਂ ਕੁਝ ਉਤੇ ਹੀ ਅਮਲ ਕੀਤਾ ਗਿਆ। ਦੇਸ਼ ਦੇ ਚੋਣ ਕਮਿਸ਼ਨ ਕੋਲ ਕੋਈ ਕਨੂੰਨੀ ਤਾਕਤ ਨਹੀਂ ਹੈ। ਉਸ ਵਲੋਂ ਕੁਝ ਇੱਕ ਚੋਣ ਸੁਧਾਰਾਂ ਲਈ ਕਦਮ ਪੁੱਟੇ ਜਾ ਰਹੇ ਹਨ, ਪਰ ਉਠਾਏ ਗਏ ਇਹਨਾ ਕਦਮਾਂ ਤੋਂ ਹਾਲੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ ਭਾਵੇਂ ਕਿ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਕਰਨ ਸਮੇਂ ਚੋਣ ਕਮਿਸ਼ਨ ਨੇ ਜੋ ਕਦਮ ਉਠਾਏ ਹਨ, ਉਹਨਾ ਨੂੰ ਸਾਫ-ਸੁਥਰੀਆਂ ਚੋਣਾਂ ਦੀ ਦਿਸ਼ਾ ਵਿੱਚ ਵੱਡਾ ਕਦਮ ਦੱਸਿਆ ਜਾ ਰਿਹਾ ਹੈ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਨੇ ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿੱਚ 6753 ਉਮੀਦਵਾਰਾਂ ਵਲੋਂ ਦਿੱਤੇ ਗਏ ਘੋਸ਼ਣਾ ਪੱਤਰ ਦਾ ਗਹਿਰਾਈ ਨਾਲ ਮੁਲਾਂਕਣ ਕੀਤਾ। ਇਹਨਾ ਵਿਚੋਂ ਸਿਰਫ ਚਾਰ ਉਮੀਦਵਾਰਾਂ ਨੇ ਹੀ ਚੋਣ ਕਮਿਸ਼ਨ ਵਲੋਂ ਮਿੱਥੇ ਹੋਏ ਖਰਚੇ ਤੋਂ ਵੱਧ ਖਰਚ ਕਰਨ ਦੀ ਗੱਲ ਸਵੀਕਾਰ ਕੀਤੀ। ਇਸ ਦੌਰ ਵਿੱਚ ਚੋਣਾਂ ਵਿੱਚ ਬੇਤਹਾਸ਼ਾ ਖਰਚ ਹੁੰਦਾ ਹੈ, ਜੇਕਰ ਉਮੀਦਵਾਰ ਇਹ ਕਹਿਣ ਕਿ ਉਹਨਾ ਨੇ ਚੋਣ ਕਮਿਸ਼ਨ ਵਲੋਂ ਮਿਥੀ ਗਈ ਸੀਮਾ ਵਿੱਚ ਰਹਿਕੇ ਖਰਚ ਕੀਤਾ ਹੈ, ਤਾਂ ਇਸ ਗੱਲ ਉਤੇ ਯਕੀਨ ਕਰਨਾ ਔਖਾ ਹੈ। 6753 ਉਮੀਦਵਾਰਾਂ ਵਿਚੋਂ 99.99 ਪ੍ਰਤੀਸ਼ਤ ਨੇ ਆਪਣੇ ਘੋਸ਼ਣਾ ਪੱਤਰ 'ਚ ਦੱਸਿਆ ਸੀ ਕਿ ਉਹਨਾ ਨੇ ਚੋਣਾਂ ਉਤੇ ਖਰਚ ਸੀਮਾ ਤੋਂ ਅੱਧਾ ਖਰਚ ਕੀਤਾ ਹੈ। ਪਰ ਉਮੀਦਵਾਰਾਂ ਵਲੋਂ ਲਗਾਤਾਰ ਇਹ ਮੰਗ ਵੀ ਕੀਤੀ ਜਾਂਦੀ ਹੈ ਕਿ ਚੋਣ ਖਰਚ ਦੀ ਸੀਮਾ ਵਧਾਈ ਜਾਵੇ। ਇਸ ਤੋਂ ਤਾਂ ਸਾਫ ਪਤਾ ਲੱਗਦਾ ਹੈ ਕਿ ਉਹਨਾ ਵਲੋਂ ਦਿੱਤੇ ਘੋਸ਼ਣਾ ਪੱਤਰ ਵਿੱਚ ਝੂਠੀ ਅਤੇ ਅੱਧੀ-ਅਧੂਰੀ ਜਾਣਕਾਰੀ ਦਿੱਤੀ ਜਾਂਦੀ ਹੈ।

ਸੰਤ ਸਮਾਗਮਾਂ ਅਤੇ ਕੁੰਭ ਤੋਂ ਬਾਅਦ ਹੁਣ ਚੋਣਾਂ ਦਾ ਸ਼ਾਹੀ ਤਿਉਹਾਰ ਸ਼ੁਰੂ ਹੋ ਗਿਆ ਹੈ। ਨਿਯਮਾਂ ਅਨੁਸਾਰ ਹਰ ਉਮੀਦਵਾਰ 70 ਲੱਖ ਰੁਪਏ ਤੋਂ ਵੱਧ ਨਹੀਂ ਖਰਚ ਸਕੇਗਾ। ਇਸ ਹਿਸਾਬ ਨਾਲ ਗੰਭੀਰ ਉਮੀਦਵਾਰਾਂ ਵਲੋਂ ਕੀਤਾ ਵੱਧ ਤੋਂ ਵੱਧ ਖਰਚਾ ਦੋ ਹਜ਼ਾਰ ਕਰੋੜ ਨਹੀਂ ਹੋਣਾ ਚਾਹੀਦਾ ਜਦ ਕਿ 'ਕਾਰਨੇਗੀ ਥਿੰਕ ਟੈਂਕ' ਨਾਮ ਦੀ ਇੱਕ ਸੰਸਥਾ ਨੇ ਕਿਹਾ ਹੈ ਕਿ ਚੋਣਾਂ ਉਤੇ 50 ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅੰਦਾਜ਼ਾ ਹੈ।

ਸੁਪਰੀਮ ਕੋਰਟ ਨੇ ਆਪਣੇ ਬਹੁਤ ਸਾਰੇ ਫੈਸਲਿਆਂ ਵਿੱਚ ਰਾਜਨੀਤੀ ਅਤੇ ਅਪਰਾਧ ਦੇ ਭ੍ਰਿਸ਼ਟਤੰਤਰ ਨੂੰ ਦੇਸ਼ ਦੇ ਲਈ ਸਿਊਂਕ ਦੱਸਿਆ ਹੈ, ਉਸਨੇ ਸਰਕਾਰ ਤੋਂ ਸਾਂਸਦਾਂ ਦੇ ਪਿਛਲੇ ਪੰਜ ਸਾਲਾਂ ਦੇ ਆਮਦਨੀ ਕਰ ਦਾ ਵੇਰਵਾ ਵੀ ਮੰਗਿਆ ਹੈ। ਇਹ ਵੇਰਵਾ ਦੇਣ 'ਚ ਸਰਕਾਰ ਵਲੋਂ ਦੜ ਵੱਟੀ ਜਾ ਰਹੀ ਹੈ। ਦੂਜੇ ਪਾਸੇ ਲੋਕਤੰਤਰ ਦੇ ਚੌਕੀਦਾਰਾਂ ਵਲੋਂ ਚੋਣਾਂ ਨੂੰ ਵਪਾਰ ਬਣਾ ਦਿੱਤਾ ਗਿਆ ਹੈ। ਸੰਸਦ ਅਤੇ ਵਿਧਾਇਕ ਜਿੱਤਣ ਤੋਂ ਬਾਅਦ ਕਈ ਕਰੋੜ ਰੁਪਏ ਕਮਾ ਲੈਂਦੇ ਹਨ ਅਤੇ ਸਾਰੀ ਉਮਰ ਦੀ ਪੈਨਸ਼ਨ ਦੇ ਹੱਕਦਾਰ ਵੀ ਬਣ ਜਾਂਦੇ ਹਨ। ਉਹਨਾ ਦੇ ਸਮਰੱਥਕਾਂ ਨੂੰ ਸਰਕਾਰੀ ਵਿਭਾਗਾਂ ਵਿੱਚ ਠੇਕੇਦਾਰੀ, ਮਾਈਨਿੰਗ ਦੀ ਲੀਜ਼ ਅਤੇ ਸ਼ਰਾਬ ਦੇ ਠੇਕੇ ਜਿਹੇ ਬੇਨਾਮੀ ਲਾਭਾਂ ਨਾਲ ਨਿਵਾਜ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਛਪੀ ਇੱਕ ਰਿਪੋਰਟ ਅਨੁਸਾਰ ਪਿਛਲੇ ਲੋਕ ਸਭਾ ਦੇ 153 ਲੋਕ ਸਭਾ ਮੈਂਬਰਾਂ ਦੀ ਆਮਦਨ ਪੰਜਾਂ ਸਾਲਾਂ ਵਿੱਚ ਦੁਗਣੀ ਹੋ ਗਈ, ਇਹਨਾ ਵਿਚੋਂ 72 ਹਾਕਮ ਜਮਾਤ 'ਭਾਜਪਾ' ਨਾਲ ਸਬੰਧਤ ਸਨ।

ਦੇਸ਼ ਵਿੱਚ ਇਸ ਵੇਲੇ 2200 ਤੋਂ ਵੱਧ ਸਿਆਸੀ ਪਾਰਟੀਆਂ ਹਨ ਜੋ ਚੋਣ ਕਮਿਸ਼ਨ ਕੋਲ ਰਜਿਸਟਰਡ ਹਨ। ਇਹਨਾ ਨੂੰ ਆਮਦਨ ਟੈਕਸ ਵਿੱਚ ਛੋਟ ਮਿਲਦੀ ਹੈ। ਇਹ ਲਗਭਗ ਸਾਰੇ ਸਿਆਸੀ ਦਲ 2000 ਰੁਪਏ ਤੱਕ ਦਾ ਨਕਦ ਚੰਦਾ ਲੈਣ ਦੇ ਨਿਯਮ ਦੀ ਆੜ ਵਿੱਚ ਗੁੰਮਨਾਮ ਸਮਰੱਥਕਾਂ ਦਾ ਚੰਦਾ ਵਿਖਾਕੇ ਅਰਬਾਂ ਰੁਪਏ ਦੇ ਕਾਲੇ ਧਨ ਨੂੰ ਰਾਜਨੀਤੀ ਵਿੱਚ ਖਪਾ ਦਿੰਦੇ ਹਨ। ਨੋਟਬੰਦੀ ਵੇਲੇ ਆਮ ਜਨਤਾ ਨੂੰ ਲੱਖ ਤਕਲੀਫਾਂ ਉਠਾਉਣੀਆਂ ਪਈਆਂ ਹੋਣ ਲੇਕਿਨ ਸਿਆਸੀ ਦਲਾਂ ਦੇ ਖਾਤਿਆਂ ਵਿੱਚ ਵੱਡੀ ਨਕਦੀ ਜਮ੍ਹਾਂ ਹੋਣ ਦੇ ਬਾਵਜੂਦ ਉਹਨਾ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਇੰਟਰਨੈਟ ਅਤੇ ਸੋਸ਼ਲ ਮੀਡੀਆ ਦੇ ਰਾਹੀਂ ਪੂਰੇ ਦੇਸ਼ ਵਿੱਚ ਝੂਠੀਆਂ ਖ਼ਬਰਾਂ ਫੈਲਾਈਆਂ ਜਾ ਰਹੀਆਂ ਹਨ। ਪਿਛਲੀਆਂ ਚੋਣਾਂ ਵਿੱਚ ਸੋਸ਼ਲ ਮੀਡੀਆ ਦੇ ਰਾਹੀਂ ਪ੍ਰਚਾਰ ਅਤੇ ਇਸ਼ਤਿਹਾਰਾਂ ਉਤੇ 10 ਹਜ਼ਾਰ ਕਰੋੜ ਰੁਪਏ ਖਰਚ ਹੋਏ। ਇਹ ਇੱਕ ਤਰ੍ਹਾਂ ਨਾਲ ਚੋਣ ਵਿਵਸਥਾ ਦਾ ਸਮਾਨੰਤਰ ਤੰਤਰ ਹੈ, ਜਿਸ ਤੋਂ ਪ੍ਰਭਾਵਤ ਹੋਕੇ ਲੋਕ ਗਲਤ ਉਮੀਦਵਾਰ ਜਾਂ ਪਾਰਟੀਆਂ ਨੂੰ ਵੋਟ ਦੇ ਦਿੰਦੇ ਹਨ।

ਚੋਣਾਂ ਦੇ ਮਾਮਲੇ ਉਤੇ ਸਾਡੀ ਸ਼ਰਾਬ ਅਤੇ ਨਗਦੀ ਦੀ ਭੇਂਟ ਉਤੇ ਬਹਿਸ ਹੁੰਦੀ ਹੈ ਕਿ ਇਹ ਭ੍ਰਿਸ਼ਟਾਚਾਰ ਹੈ, ਪਰ ਮੋਟਰ ਸਾਈਕਲ ਰੈਲੀਆਂ, ਰੋਡ ਸ਼ੋ ਆਦਿ ਉਤੇ ਚੋਣ ਕਮਿਸ਼ਨ ਦੀ ਨਜ਼ਰ ਹੀ ਨਹੀਂ ਪੈਂਦੀ। ਪੂਰੀਆਂ ਚੋਣਾਂ ਦੌਰਾਨ ਰੋਡ ਸ਼ੋ ਅਤੇ ਮੋਟਰਸਾਈਕਲ ਰੈਲੀਆਂ ਵਿੱਚ ਕਾਰਾਂ-ਗੱਡੀਆਂ ਆਦਿ ਵਾਹਨ, ਡੀਜ਼ਲ-ਪੈਟਰੋਲ ਅਤੇ ਸਮਰੱਥਕਾਂ ਦੀ ਫੌਜ ਆਪਣੇ ਨਾਲ ਕਰਨ ਲਈ ਅਰਬਾਂ ਰੁਪਏ ਖਰਚੇ ਜਾਂਦੇ ਹਨ। ਇਹਨਾ ਰੈਲੀਆਂ 'ਚ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਸੀਟ ਬੈਲਟ, ਹੈਲਮੈਟ ਬਿਨ੍ਹਾਂ ਪੁਲਿਸ ਲੋਕਾਂ ਦੇ ਚਲਾਨ ਕਰਦੀ ਹੈ, ਪਰ ਸਟਾਰ ਪ੍ਰਚਾਰਕ ਰੱਥ ਦੀ ਛੱਤ ਉਤੇ ਬੈਠਕੇ ਸੀਟ ਬੈਲਟ ਹੈਲਮਟਾਂ ਦੇ ਬਿਨ੍ਹਾਂ ਵਰਤੋਂ ਦੇ ਬੇਰੋਕ ਟੋਕ ਤਰਥੱਲੀ ਮਚਾਉਂਦੇ ਹਨ। ਇਹੋ ਕਿਸਮ ਦੇ ਰੋਡ ਸ਼ੋ ਅਤੇ ਵੱਡੀਆਂ ਭੀੜਾਂ ਕਾਰਨ ਭਾਰਤ ਵਿੱਚ ਰਾਜੀਵ ਗਾਂਧੀ ਦੀ ਹੱਤਿਆ ਹੋਈ ਸੀ।

ਦੇਸ਼ ਵਿੱਚ ਸੱਤ ਗੇੜਾਂ ਵਿੱਚ ਚੋਣਾਂ ਹੋਣੀਆਂ ਹਨ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਸੁਰੱਖਿਆ ਵਿਵਸਥਾ ਸਹੀ ਰੱਖਣ ਲਈ ਸੱਤ ਗੇੜਾਂ 'ਚ ਚੋਣ ਕਰਾਉਣ ਦੀ ਲੋੜ ਪੈਂਦੀ ਹੈ। ਸੰਵਿਧਾਨ ਦੀ ਧਾਰਾ 324 ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਦੀ ਗੱਲ ਕਹਿੰਦੀ ਹੈ। ਪਰ ਇਥੇ ਤਾਂ ਚੋਣਾਂ ਬੰਦੂਕ ਦੀ ਨੋਕ ਉਤੇ ਹੁੰਦੀਆਂ ਹਨ। ਚੋਣਾਂ ਨੂੰ ਅਸੀਂ ਲੋਕਤੰਤਰ ਦਾ ਉਤਸਵ ਕਹਿੰਦੇ ਨਹੀਂ ਥੱਕਦੇ ਪਰ ਅਸਲ ਵਿੱਚ ਦੇਖੀਏ ਤਾਂ ਇਥੇ ਲੋਕਤੰਤਰ ਨਾ ਦੀ ਚੀਜ਼ ਹੀ ਕੋਈ ਨਹੀਂ ਹੈ। ਅਸੀਂ ਕਹਿੰਦੇ ਹੋਏ ਨਹੀਂ ਥੱਕਦੇ ਕਿ ਦੇਸ਼ ਦੀ ਜਨਤਾ ਹੀ ਜਨਾਰਧਨ ਹੈ, ਉਹ ਹੀ ਸਭ ਕੁਝ ਤਹਿ ਕਰਦੀ ਹੈ। ਲੇਕਿਨ ਇਹ ਅਸਲ ਵਿੱਚ ਇਸ ਤਰ੍ਹਾਂ ਹੈ? ਕੀ ਲੋਕਾਂ ਦੀ ਆਪਣੇ ਇਲਾਕੇ ਵਿੱਚ ਉਮੀਦਵਾਰ ਚੁਨਣ 'ਚ ਕੋਈ ਭੂਮਿਕਾ ਹੈ?

ਵੋਟਰ ਉਹਨਾ ਉਮੀਦਵਾਰਾਂ ਵਿਚੋਂ ਕਿਸੇ ਇੱਕ ਨੂੰ ਵੋਟ ਪਾਉਂਦਾ ਹੈ ਜਾਂ ਇੱਕ ਦੀ ਚੋਣ ਕਰਦਾ ਹੈ ਜਿਹਨਾ ਨੂੰ ਸਿਆਸੀ ਦਲ ਚੋਣ ਮੈਦਾਨ ਵਿੱਚ ਉਤਾਰ ਦੇਂਦੇ ਹਨ। ਇਸ ਤਰ੍ਹਾਂ ਵੋਟਰਾਂ ਵਲੋਂ ਆਪਣੀ ਪਸੰਦ ਦਾ ਉਮੀਦਵਾਰ ਚੁਣਨ ਦੇ ਬਦਲ ਨੂੰ ਤਾਂ ਸਿਆਸੀ ਪਾਰਟੀਆਂ ਹੀ ਖਤਮ ਕਰ ਦਿੰਦੀਆਂ ਹਨ। ਅਰਥਾਤ ਜਿਵੇਂ ਵੋਟਰ ਆਜ਼ਾਦ ਨਹੀਂ ਹੈ, ਇਵੇਂ ਹੀ ਸਾਂਸਦ ਅਤੇ ਵਿਧਾਇਕ ਵੀ ਆਜ਼ਾਦ ਨਹੀਂ ਹਨ। ਜੇਕਰ ਉਹ ਪਾਰਟੀਆਂ ਦੇ ਰੁਖ ਤੋਂ ਹਟਕੇ ਕਿਸੇ ਬਿੱਲ ਦਾ ਸਮਰੱਥਨ ਜਾਂ ਵਿਰੋਧ ਕਰਨਾ ਚਾਹੁਣ ਤਾਂ ਪਾਰਟੀ ਵਿੱਪ ਨਾਲ ਉਹਨਾ ਦੀ ਮੈਂਬਰੀ ਖਤਮ ਕੀਤੀ ਜਾ ਸਕਦੀ ਹੈ। ਇਸ ਦ੍ਰਿਸ਼ਟੀ ਨਾਲ ਵਿਚਾਰ ਕੀਤਾ ਜਾਵੇ ਤਾਂ ਸਾਡਾ ਲੋਕਤੰਤਰ ਖੋਖਲਾ ਲੋਕਤੰਤਰ ਹੈ। ਅਸੀਂ ਭਾਵੇਂ ਲੱਖ ਵੇਰ ਇਸਨੂੰ ਲੋਕਤੰਤਰ ਦਾ ਉਤਸਵ ਕਹੀਏ, ਪਰ ਇਹ ਇੱਕ ਦਿਖਾਵਾ ਹੀ ਹੈ।

ਰਾਜਨੀਤੀ ਵਿਚੋਂ ਅਪਰਾਧੀਆਂ ਨੂੰ ਦੂਰ ਕਰਨ ਅਤੇ ਚੋਣਾਂ ਸਾਫ-ਸੁਥਰੀਆਂ ਅਤੇ ਪਾਰਦਰਸ਼ੀ ਕਰਵਾਉਣ ਲਈ ਚੋਣ ਕਮਿਸ਼ਨ ਬਹੁਤ ਤੇਜ਼ੀ ਵਿਖਾਈ ਗਈ ਲੇਕਿਨ ਸਿਆਸੀ ਪਾਰਟੀਆਂ ਤੇ ਚੋਣ ਕਮਿਸ਼ਨ ਦੇ ਹੁਕਮਾਂ ਅਤੇ ਦਿੱਤੇ ਸੁਝਾਵਾਂ ਪ੍ਰਤੀ ਚੁੱਪ ਵੱਟ ਲਈ। ਇਸ ਮਾਮਲੇ ਵਿੱਚ ਸਾਰੇ ਸਿਆਸੀ ਦਲ ਇੱਕੋ ਹਨ। ਉਹ ਅਸਲ ਵਿੱਚ ਚੋਣ ਸੁਧਾਰ ਚਾਹੁੰਦੇ ਹੀ ਨਹੀਂ।

ਸਾਬਕਾ ਮੁੱਖ ਚੋਣ ਕਮਿਸ਼ਨਰ ਟੀ ਐਨ ਸੈਸ਼ਨ ਨੇ ਚੋਣ ਆਯੋਗ ਨੂੰ ਸੰਵਿਧਾਨ ਦੀ ਧਾਰਾ 324 ਦੇ ਤਹਿਤ ਮਿਲੇ ਅਧਿਕਾਰਾਂ ਤਹਿਤ ਨਿਰਪੱਖ ਅਤੇ ਆਜ਼ਾਦ ਚੋਣਾਂ ਕਰਾਉਣ ਲਈ ਅਧਿਕਾਰਾਂ ਦੀ ਭਰਪੂਰ ਵਰਤੋਂ ਕੀਤੀ ਸੀ, ਇਸ ਨਾਲ ਸਿਆਸੀ ਪਾਰਟੀਆਂ 'ਚ ਹਫੜਾ-ਦਫੜੀ ਮਚ ਗਈ ਸੀ। ਪਰੰਤੂ ਇਸ ਤੋਂ ਬਾਅਦ ਚੋਣ ਕਮਿਸ਼ਨ ਕਿਸੇ ਵੀ ਵੱਡੀ ਕਾਰਵਾਈ ਲਈ ਸਰਕਾਰ ਦੇ ਸਾਹਮਣੇ ਨਤਮਸਤਕ ਹੁੰਦਾ ਰਿਹਾ ਹੈ। ਇਸ ਵੇਲੇ ਤਾਂ ਸਥਿਤੀ ਇਹ ਹੈ ਕਿ ਚੋਣਾਂ ਦੇ ਦੌਰਾਨ ਕਨੂੰਨ ਡਾਲ-ਡਾਲ ਅਤੇ ਨੇਤਾ ਪਾਤ-ਪਾਤ ਹਨ। ਸ਼ਾਹੀ ਰੋਡ ਸ਼ੋ ਅਤੇ ਸੋਸ਼ਲ ਮੀਡੀਆ ਦੀ ਮਾਰਕੀਟਿੰਗ ਦੀ ਬਦੌਲਤ ਚੁਣੇ ਹੋਏ ਲੰਚਰ ਜਨਪ੍ਰਤੀਨਿਧੀਆਂ ਤੋਂ ਆਉਣ ਵਾਲੇ ਸਮੇਂ ਦੌਰਾਨ, ਚੋਣ ਸੁਧਾਰਾਂ ਦੇ ਲਈ ਕੋਈ ਸਖਤ ਨਿਯਮ ਬਣਾਉਣ ਦੀ ਉਮੀਦ ਵੀ ਕਿਵੇਂ ਰੱਖੀ ਜਾ ਸਕਦੀ ਹੈ?

ਦੇਸ਼ ਦੇ ਲੋਕਤੰਤਰ ਦੇ ਬਚਾਅ ਲਈ ਨਿਰਪੱਖ ਚੋਣਾਂ ਜ਼ਰੂਰੀ ਹਨ। ਇਸ ਵਾਸਤੇ ਚੋਣ ਖਰਚੇ ਉਤੇ ਪਾਬੰਦੀ ਲਾਜ਼ਮੀ ਹੈ। ਜੇਕਰ ਗੈਰ-ਕਨੂੰਨੀ ਤਰੀਕੇ ਨਾਲ ਕੀਤੇ ਜਾ ਰੋਡ-ਸ਼ੋ ਅਤੇ ਮੋਟਰ ਸਾਈਕਲ ਰੈਲੀਆਂ ਉਤੇ ਚੋਣ ਕਮਿਸ਼ਨ ਰੋਕ ਲਗਾ ਦੇਵੇ ਤਾਂ ਲੋਕਾਂ ਦੀ ਸਮੇਂ ਦੀ ਬਰਬਾਦੀ ਦੇ ਨਾਲ ਨਾਲ ਧੰਨ ਦੀ ਬਰਬਾਦੀ ਵੀ ਰੁਕੇਗੀ ਅਤੇ ਪ੍ਰਦੂਸ਼ਣ ਵੀ ਰੁਕੇਗਾ। ਇੰਟਰਨੈਟ ਅਤੇ ਸੋਸ਼ਲ ਮੀਡੀਆ ਕੰਪਨੀਆਂ ਉਤੇ ਲਗਾਮ ਕੱਸੀ ਜਾਵੇ ਤਾਂ ਕਿ ਝੂਠੀਆਂ ਖ਼ਬਰਾਂ ਅਤੇ ਪ੍ਰਚਾਰ ਨਾ ਹੋਵੇ। ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਦੀ ਚੋਣ ਉਤੇ ਰੋਕ ਤਾਂ ਹੋਣੀ ਹੀ ਚਾਹੀਦੀ ਹੈ, ਪਰ ਜਿਹਨਾ ਲੋਕ ਪ੍ਰਤੀਨਿਧੀਆਂ ਨੇ ਆਪਣੇ ਕਾਰਜਕਾਲ 'ਚ ਆਪਣੀ ਜਾਇਦਾਦ 'ਚ ਬੇਤਹਾਸ਼ਾ ਵਾਧਾ ਕੀਤਾ ਹੈ, ਉਸ ਦੀ ਪੁਛ ਛਾਣ ਉਪਰੰਤ ਉਸ ਦੇ ਚੋਣ ਲੜਨ ਤੇ ਰੋਕ ਲਗਾਈ ਜਾਣੀ ਚਾਹੀਦੀ ਹੈ।

# ਸਿੱਧੀ ਭਰਤੀ ਵਿੱਚ ਸੀ ਐਂਡ ਵੀ ਕਾਡਰ ਦੇ ਅਧਿਆਪਕਾਂ ਨੂੰ ਵੀ ਤਰੱਕੀ ਦਾ ਮੌਕਾ ਮਿਲੇ



ਮੇਜਰ ਸਿੰਘ ਨਾਭਾ
91-94635-53962

ਸਿੱਖਿਆ ਦਾ ਅਧਿਕਾਰ ਨਾਗਰਿਕ ਦੇ ਮੁਢਲੇ ਅਧਿਕਾਰਾਂ ਵਿੱਚ ਸਾਮਲ ਕੀਤਾ ਗਿਆ ਹੈ।ਬੱਚਿਆਂ ਨੂੰ ਸਿੱਖਿਆ ਦੇਣ ਦਾ ਕੰਮ ਅਧਿਆਪਕ ਜ਼ਿੰਮੇ ਹੈ। ਸਕੂਲੀ ਸਿੱਖਿਆ ਵਿੱਚ ਤਿੰਨ ਪੜ੍ਹਾਵਾਂ ਦੇ ਪੱਧਰ ਬਣਾਏ ਹੋਏ ਹਨ। ਪ੍ਰਾਇਮਰੀ,ਮਿਡਲ,ਹਾਈ ਅਤੇ ਸੈਕੰਡਰੀ ਪੱਧਰ ਦੇ ਅਧਿਆਪਕ ਵੱਖੋ ਵੱਖਰੇ ਕਾਡਰ 'ਚੋਂ ਕੰਮ ਕਰ ਰਹੇ ਹਨ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਸਿੱਖਿਆ ਵਿਭਾਗ ਵਿੱਚ ਖਾਲੀ ਪਈਆਂ ਪ੍ਰਿੰਸੀਪਲ, ਹੈਡਮਾਸਟਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀਆਂ ਆਸਾਮੀਆ ਭਰਨ ਲਈ ਪਿਛਲੇ ਦਿਨੀਂ 10 ਮਾਰਚ ਨੂੰ 'ਅਜੀਤ' ਅਤੇ ਹੋਰ ਅਖ਼ਬਾਰਾਂ ਵਿੱਚ ਵਿਗਿਆਪਨ ਨੰ: 16 ਦਿੱਤਾ ਗਿਆ ਹੈ। ਜ਼ਰੂਰੀ ਯੋਗਤਾਵਾਂ ਵਿੱਚ ਪ੍ਰਿੰਸੀਪਲ ਲਈ ਆਰਟਸ, ਸਾਇੰਸ, ਕਾਮਰਸ, ਇੰਜਨੀਅਰਿੰਗ ਵਿੱਚ ਮਾਸਟਰ ਡਿਗਰੀ 'ਚ ਘੱਟੋ-ਘੱਟ 50 ਪ੍ਰਤੀਸਤ ਅੰਕ ਜ਼ਰੂਰੀ ਹਨ। ਅਗਲੀ ਸ਼ਰਤ ਵੋਕੇਸ਼ਨਲ ਮਾਸਟਰ ਅਤੇ ਵੋਕੇਸ਼ਨਲ ਲੈਕਚਰਾਰਾਂ ਨੂੰ ਛੱਡ ਕੇ ਬਾਕੀ ਸਾਰੇ ਬੀ.ਐਡ.ਪਾਸ ਹੋਣ। ਤੀਸਰੀ ਸ਼ਰਤ ਹੈ ਕਿ ਘੱਟੋ -ਘੱਟ ਪੰਜ ਸਾਲ ਦਾ ਬਤੌਰ ਹੈਡਮਾਸਟਰ / ਹੈਡਮਿਸਟ੍ਰੈਸ, ਲੈਕਚਰਾਰ, ਵੋਕੇਸ਼ਨਲ ਮਾਸਟਰ ਜਾਂ ਲੈਕਚਰਾਰ ਦਾ ਕਿਸੇ ਵੀ ਸਰਕਾਰੀ ਸਕੂਲ ਦਾ ਤਜਰਬਾ ਹੋਵੇ ਅਤੇ ਮਾਸਟਰ / ਮਿਸਟ੍ਰੈਸ ਲਈ ਇਹ ਤਜ਼ਰਬਾ ਸੱਤ ਸਾਲ ਹੋਵੇਗਾ। ਅਗਲੀ ਪੋਸਟ ਹੈਡਮਾਸਟਰ / ਹੈਡਮਿਸਟ੍ਰੈਸ ਲਈ ਗਰੇਜੂਏਸ਼ਨ 'ਚੋਂ ਘੱਟੋ-ਘੱਟ 55 ਪ੍ਰਤੀਸਤ ਅੰਕ ਜ਼ਰੂਰੀ ਹਨ।ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ/ ਸੰਸਥਾ ਤੋਂ ਬੀ.ਐਡ ਪਾਸ ਕੀਤੀ ਹੋਵੇ।ਘੱਟੋ-ਘੱਟ ਅੱਠ ਸਾਲ ਬਤੌਰ ਮਾਸਟਰ ਜਾਂ ਪੰਜ ਸਾਲ ਬਤੌਰ ਲੈਕਚਰਾਰ ਕਿਸੇ ਵੀ ਸਰਕਾਰੀ ਸਕੂਲ ਵਿੱਚ ਪੜ੍ਹਾਉਣ ਦਾ ਤਜਰਬਾ ਹੋਵੇ। ਬੀ. ਪੀ. ਈ. ਓ. ਲਈ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਬੈਚੁਲਰ ਦੀ ਡਿਗਰੀ ਵਿੱਚ 50 ਪ੍ਰਤੀਸ਼ਤ ਅੰਕ ਹੋਣ। ਅਗਲੀ ਸ਼ਰਤ ਦੋ ਸਾਲਾ ਈ.ਟੀ.ਟੀ. ਕੋਰਸ ਜਾਂ ਬੀ.ਐਡ ਕੀਤੀ ਹੋਵੇ ਅਤੇ ਕੇਂਦਰ ਜਾਂ ਰਾਜ ਸਰਕਾਰ ਦੇ ਕਿਸੇ ਵੀ ਸਕੂਲ 'ਚ ਪੜ੍ਹਾਉਣ ਦਾ ਪੰਜ ਸਾਲ ਦਾ ਤਜਰਬਾ ਹੋਵੇ।

ਪ੍ਰਿੰਸੀਪਲ ਲਈ ਵੋਕੇਸ਼ਨਲ ਮਾਸਟਰ ਜਿਸ ਨੇ ਤਿੰਨ ਸਾਲ ਦਾ ਡਿਪਲੋਮਾ ਕੀਤਾ ਹੁੰਦਾ ਉਹ ਵੀ ਅਪਲਾਈ ਕਰ ਸਕਦਾ ਹੈ। ਇਸੇ ਤਰ੍ਹਾਂ ਈ.ਟੀ.ਟੀ. ਅਧਿਆਪਕ ਜਿਸਨੇ ਹੈਡ ਟੀਚਰ ਅਤੇ ਸੈਂਟਰ ਹੈਡ ਟੀਚਰ ਬਣ ਕੇ ਬੀ.ਪੀ.ਈ.ਓ. ਬਣਨਾ ਹੁੰਦਾ ਹੈ। ਉਹ ਵੀ ਅਗਰ ਯੋਗਤਾਵਾਂ ਪੂਰੀਆਂ ਕਰਦੇ ਹਨ ਅਪਲਾਈ ਕਰ ਸਕਦੇ ਹਨ। ਪਰ ਸੀ ਐਂਡ ਵੀ ਕਾਡਰ ਵਿੱਚ ਕੰਮ ਕਰ ਰਹੇ ਅਧਿਆਪਕਾਂ ਲਈ ਇਨ੍ਹਾਂ ਪੋਸਟਾਂ ਵਾਸਤੇ ਅਪਲਾਈ ਕਰਨ ਲਈ ਕੋਈ ਵਿਵਸਥਾ ਨਹੀਂ ਕੀਤੀ ਗਈ ਜਦੋਂ ਕਿ ਇਸ ਕਾਡਰ ਵਿੱਚ ਕਈ ਟੀਚਰਾਂ ਨੇ ਪਹਿਲਾਂ ਹੀ ਜ਼ਰੂਰੀ ਯੋਗਤਾਵਾਂ ਪ੍ਰਾਪਤ ਕੀਤੀਆ ਹੋਈਆ ਹਨ।

ਜੇਕਰ ਇੱਕ ਡਿਪਲੋਮਾ ਹੋਲਡਰ ਵੋਕੇਸ਼ਨਲ ਮਾਸਟਰ ਆਪਣੀ ਮਾਸਟਰ ਡਿਗਰੀ ਹੋਣ ਕਾਰਣ ਪ੍ਰਿੰਸੀਪਲ ਬਣ ਸਕਦਾ ਹੈ ਤਾਂ ਇਹ ਦੋ ਸਾਲਾ ਡਿਪਲੋਮਾ ਕਰਕੇ ਲੱਗੇ ਆਰਟ/ ਕਰਾਫਟ ਅਧਿਆਪਕ ਜੋ ਕਿ ਬੀ.ਐਡ. ਅਤੇ ਮਾਸਟਰ ਡਿਗਰੀ ਨਾਲ ਵਾਧੂ ਯੋਗਤਾ ਰੱਖਦੇ ਹਨ, ਉਹ ਕਿਉਂ ਨਹੀਂ ਹੈਡਮਾਸਟਰ ਜਾਂ ਪ੍ਰਿੰਸੀਪਲ ਬਣ ਸਕਦੇ?

ਇਸ ਤਰ੍ਹਾਂ ਇਨ੍ਹਾਂ ਸੀ. ਐਂਡ ਵੀ. ਕਾਡਰ ਦੇ ਅਧਿਆਪਕਾਂ ਨਾਲ ਧੱਕਾ ਹੋ ਰਿਹਾ ਹੈ।ਦੂਜੀ ਗੱਲ ਮਹਿਕਮੇ ਅੰਦਰ ਇਸ ਕਾਡਰ ਲਈ ਤਰੱਕੀ ਦਾ ਕੋਟਾ ਘਟਾ ਕੇ ਇੱਕ ਪ੍ਰਤੀਸ਼ਤ ਕਰ ਦਿੱਤਾ ਹੈ। ਇਸ ਲਈ ਮਾਸਟਰ ਕਾਡਰ 'ਚ ਪ੍ਰਵੇਸ਼ ਕਰਨ ਲਈ ਮਾਸਟਰ ਕਾਡਰ ਲਈ ਯੋਗਤਾ ਤੋਂ ਵਾਧੂ ਯੋਗਤਾ ਹੋਣ ਦੇ ਬਾਵਜੂਦ ਵੀ ਇਹ ਟੀਚਰ ਚਿਰਾਂ ਤੋਂ ਤਰੱਕੀ ਦੀ ਉਡੀਕ ਕਰ ਰਹੇ ਨੇ ।

ਸੋ ਹੁਣ ਸਿੱਧੀ ਭਰਤੀ ਰਾਹੀਂ ਤਰੱਕੀ ਮਿਲਣ ਦਾ ਮੌਕਾ ਆਇਆ ਹੈ। ਸੋ ਹੁਣ ਜਦੋਂ ਇਨ੍ਹਾਂ ਨਿਯੁਕਤੀਆਂ ਲਈ ਟੈਸਟ ਹੀ ਰੱਖਿਆ ਹੈ ਤਾਂ ਟੀਚਿੰਗ ਵਿਭਾਗ ਦੇ ਸਾਰੇ ਯੋਗਤਾ ਪੂਰੀ ਕਰ ਰਹੇ ਅਧਿਆਪਕਾਂ ਨੂੰ ਤਰੱਕੀ ਦਾ ਮੌਕਾ ਦੇਣਾ ਬਣਦਾ ਹੈ, ਜਿਸ ਵਿੱਚ ਜਿੰਨਾ ਦਮ ਹੋਵੇਗਾ ਆਪਣੇ ਬਲਬੂਤੇ ਤੇ ਆਪਣਾ ਬਣਦਾ ਹੱਕ ਪ੍ਰਾਪਤ ਕਰ ਲਵੇਗਾ।

ਅਸਲ 'ਚ ਸਿੱਖਿਆ ਵਿਭਾਗ ਦੀਆਂ ਇਨ੍ਹਾਂ ਗਜ਼ਟਿਡ ਪੋਸਟਾਂ ਦੀ ਸਿੱਧੀ ਭਰਤੀ ਵਿੱਚ ਇਨ੍ਹਾਂ ਪੋਸਟਾਂ ਲਈ ਟੀਚਿੰਗ ਦਾ ਤਜਰਬਾ ਜ਼ਰੂਰੀ ਹੋਣਾ ਠੀਕ ਹੈ ਪਰ ਫਿਰ ਸੀ. ਐਂਡ ਵੀ. ਕਾਡਰ ਦੇ ਅਧਿਆਪਕਾਂ ਲਈ ਵਿਤਕਰਾ ਕਿਉਂ ਕੀਤਾ ਜਾ ਰਿਹਾ ਜਦੋਂ ਕਿ ਉਹ ਵੀ ਹਾਈ ਪੱਧਰ ਤੱਕ ਦੀਆਂ ਕਲਾਸਾਂ ਪੜ੍ਹਾਉਂਦੇ ਹਨ। ਸਮਾਨਤਾ ਦੇ ਅਧਿਕਾਰ ਦੀ ਗੱਲ ਕਰੀਏ ਤਾਂ ਕਾਨੂੰਨੀ ਪੱਖ ਤੋਂ ਵੀ ਇਹ ਗਲਤ ਹੋਇਆ ਲੱਗਦਾ ਹੈ।

ਸੋ ਇਹ ਗੰਭੀਰਤਾ ਨਾਲ ਸਰਕਾਰ ਦੇ ਵਿਚਾਰਣ ਵਾਲਾ ਮਸਲਾ ਹੈ, ਤਾਂ ਜੋ ਸੀ ਐਂਡ ਵੀ ਕਾਡਰ ਦੇ ਅਧਿਆਪਕਾਂ ਦੇ ਮਨਾਂ ਅੰਦਰ ਨਿਰਾਸ਼ਾ ਨਾ ਆਵੇ ਤੇ ਉਨ੍ਹਾਂ ਨਾਲ ਇਨਸਾਫ ਹੋਣ ਦੀ ਭਾਵਨਾ ਮਨਾਂ ਅੰਦਰ ਪੈਦਾ ਹੋਵੇ।

(ਸਫਾ 6 ਦੀ ਬਾਕੀ)

## ਆਦਮਜ਼ਾਤ 'ਚ ਬਦਲਾਅ ਨਹੀਂ ਹੁੰਦਾ

### ਮਣੀ ਲੇਖਕ ਕੈਸੇ ਬਣੀ

ਕੁਝ ਅਰਸਾ ਪਹਿਲਾਂ ਬਹੁਤ ਹੀ ਸਧਾਰਨ ਜਿਹੀ ਨਜ਼ਰ ਆਉਂਦੀ ਅਤੇ ਸਮਾਜ ਵਿੱਚ ਵਿਚਰਨ ਲਈ ਇਸਤਰੀ ਨੇ ਕਲਮ ਫੜੀ ਤਾਂ ਪੀ ਭਾਨੂ ਬਣ ਗਈ।

ਪ੍ਰੋ. ਹਰਭਜਨ ਸਿੰਘ ਕਾਲਾ ਸੰਘਿਆਂ ਦੀ ਜੀਵਨ ਸਾਥਣ ਬਨਣ ਕਰਕੇ ਅਤੇ ਗਰਮ ਲਹਿਰ ਦਾ ਹਿੱਸਾ ਬਨਣ ਨਾਲ ਉਹ ਆਮ ਔਰਤਾਂ ਨਾਲੋਂ ਜਾਗ੍ਰਿਤ ਹੋ ਗਈ। 'ਪਰਬਤ ਦੀ ਬੇਟੀ' ਨਾਵਲ ਲਿਖਣ ਤੋਂ ਬਾਅਦ 'ਮਣੀ ਲੇਖਕ ਕੈਸੇ ਬਣੀ' ਉਸ ਦਾ ਦੂਜਾ ਨਾਵਲ ਹੈ, ਜੋ ਪੰਜਾਬੀ ਲਹਿਜੇ ਵਾਲੀ ਹਿੰਦੀ ਵਿੱਚ ਲਿਖਿਆ ਗਿਆ ਹੈ, ਜਿਸ ਦਾ ਮੁੱਖ ਬੰਦ ਡਾ. ਗੁਰਪਾਲ ਸਿੰਘ ਸੰਧੂ ਨੇ ਲਿਖ ਕੇ ਨਾਵਲ ਦੀ ਜਾਣਕਾਰੀ ਕਰਵਾ ਦਿੱਤੀ। ਉਸ ਦੇ ਜਤਨਾਂ ਨਾਲ ਹੀ ਪੰਜਾਬ ਯੂਨੀਵਰਸਿਟੀ ਦੇ ਇੰਗਲਿਸ਼ ਆਡੀਟੋਰੀਅਮ ਵਿੱਚ ਨਾਵਲ ਰਿਲੀਜ਼ ਵੀ ਕੀਤਾ ਗਿਆ ਅਤੇ ਉਸ ਬਾਰੇ ਵਿਚਾਰ-ਚਰਚਾ ਵੀ।

ਨਾਵਲ ਬਾਰੇ ਬੋਲਣ ਵਾਲਿਆਂ 'ਚ ਮਾਧਵ ਕੌਸ਼ਕ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਮੀਤ ਸਿੰਘ, ਡਾ. ਪਰਮਜੀਤ ਸਿੰਘ, ਸੁਖਦੇਵ ਸਿੰਘ ਮਿਨਹਾਸ, ਮੈਡਮ ਨੀਰਜਾ ਅਤੇ ਅਮਰੀਕਾ ਤੋਂ ਆਏ ਹਰਜਿੰਦਰ ਸਿੰਘ ਪੰਧੇਰ ਦੇ ਨਾਂਅ ਸ਼ਾਮਲ ਹਨ, ਜਿਨ੍ਹਾਂ ਨਾਵਲ ਨੂੰ ਸਲਾਹਿਆ। ਬੋਲਣ ਲਈ ਮੈਨੂੰ ਵੀ ਕਿਹਾ ਗਿਆ, ਪਰ ਨਾ ਬੋਲਿਆ। ਮੈਂ ਸਮਝਦਾਂ ਕਿ ਜਿਹੜੇ ਪੀ ਭਾਨੂ ਨੂੰ ਜਾਣਦੇ ਹਨ ਉਹ ਨਾਵਲ ਨੂੰ ਸਵੈ-ਜੀਵਨੀ ਵਜੋਂ ਵੀ ਪੜ੍ਹ ਸਕਦੇ ਹਨ ਅਤੇ ਨਾਵਲ ਵਜੋਂ ਵੀ। ਨਾਵਲ ਜਾਣਕਾਰੀ ਦੇਣ ਵਾਲਾ ਹੈ ਅਤੇ ਪੜ੍ਹਨ ਵਾਸਤੇ ਦਿਲਚਸਪੀ ਵਾਲਾ ਵੀ। ਇਸ ਸਾਹਿਤਕ ਸਮਾਗਮ ਵਿੱਚ ਹਿੰਦੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਬਿਨਾਂ ਬਲਵਿੰਦਰ ਸਿੰਘ ਉੱਤਮ ਦੇ ਉਪਰਾਲਿਆਂ ਨਾਲ ਪੰਜਾਬੀ ਦੇ ਲੇਖਕ ਡਾ. ਸ਼ਰਨਜੀਤ ਕੌਰ, ਕਸ਼ਮੀਰ ਪੰਨੂ, ਅਵਤਾਰ ਭੰਵਰਾ ਅਤੇ ਹੋਰ ਵੀ ਕਈ ਇੱਕ ਸ਼ਾਮਲ ਹੋਏ। ਇਹ ਚੰਗਾ ਰੌਣਕ ਮੇਲਾ ਸੀ, ਜਿਸ 'ਤੇ ਖੁਸ਼ ਹੋ ਕੇ ਬਾਹਰ ਇੰਦਰ ਦੇਵਤਾ ਖੁਸ਼ੀ ਦੇ ਹੰਝੂ ਕੇਰ ਰਿਹਾ ਸੀ, ਜਿਸ ਕਾਰਨ ਮੌਸਮ ਖੁਸ਼ਗਵਾਰ ਅਤੇ ਗਲਵੱਕੜੀਆਂ ਵਰਗਾ ਹੋ ਗਿਆ।

### ਲਤੀਫ਼ੇ ਦਾ ਚਿਹਰਾ-ਮੋਹਰਾ

ਚਲੋ ਮੰਨ ਲੈਂਦੇ ਹਾਂ ਕਿ ਸਾਰਾ ਦੇਸ਼ ਹੀ ਚੌਕੀਦਾਰ ਹੈ ਅਤੇ ਚੌਕਸੀ ਦੀ ਘਾਟ ਨਹੀਂ, ਪਰ ਦੇਖਣ ਵਾਲੀ ਗੱਲ ਇਹ ਹੈ ਕਿ ਜਦ ਨੀਰਵ, ਮਾਲਿਆ ਅਤੇ ਹੋਰ ਦੇਸ਼ ਵਿਚੋਂ ਦੌੜੇ ਉਦੋਂ ਡਿਊਟੀ 'ਤੇ ਭਲਾ ਕੌਣ-ਕੌਣ ਸੀ। --------

ਪ੍ਰਸ਼ਨ : ਸੋਨੇ ਦੀ ਚਿੜੀ ਤੂੰ ਕਿੱਧਰ ਉਡ ਗਈ?

ਉੱਤਰ : ਉਡੀ ਨਹੀਂ, ਅਮੀਰਾਂ ਨੇ ਫੜੀ ਹੋਈ ਆਂ।

ਪ੍ਰਸ਼ਨ : ਕਿਵੇਂ ਫਿਰ ਇਨ੍ਹਾਂ ਕੋਲੋਂ ਮੁਕਤ ਹੋ ਸਕੇਂਗੀ?

ਉੱਤਰ : ਦੇਸ਼ ਵਿੱਚ ਚੰਗੇ ਹਾਕਮ ਲਿਆਓ।

# ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ, ਲੁਧਿਆਣਾ ਵੱਲੋਂ ਸਪਾਂਸਰ ਕੀਤੇ ਗਏ ਖੋਜ ਪ੍ਰੋਜੈਕਟ ਜਿਸ ਨੂੰ ਲੇਖਕ ਅਤੇ ਉਸਦੇ ਸਹਿਯੋਗੀਆਂ ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਵੀਰਪਾਲ ਕੌਰ ਅਤੇ ਜੋਤੀ ਨੇ ਪੂਰਾ ਕੀਤਾ ਉਸ ਵਿੱਚ ਪੰਜਾਬ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ ਦਾ ਅਧਿਐਨ ਕੀਤਾ ਗਿਆ। ਲਗਭਗ ਛੇ ਦਹਾਕਿਆਂ ਦੇ ਯੋਜਨਾਬੰਦ ਆਰਥਿਕ ਵਿਕਾਸ ਅਤੇ ਖ਼ਾਸ ਕਰਕੇ ਪਿਛਲੇ ਦੋ ਦਹਾਕਿਆਂ ਦੀ ਉੱਚੀ ਪ੍ਰਗਤੀ ਦਰ ਦੇ ਬਾਵਜੂਦ ਦੇਸ ਦੀ ਦੋ-ਤਿਹਾਈ ਤੋਂ ਵੱਧ (68.84 ਪ੍ਰਤਿਸ਼ਤ) ਅਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜਿਹਨਾਂ ਵਿਚੋਂ ਲਗਭਗ ਅੱਧੀ ਅਬਾਦੀ ਔਰਤਾਂ ਦੀ ਹੈ। ਪੇਂਡੂ ਔਰਤ ਮਜ਼ਦੂਰਾਂ, ਆਪਣੀ ਮਿਹਨਤ ਦੇ ਜੋਰ ਕਾਰਨ, ਕੰਮ ਦੇ ਸਥਾਨ ਅਤੇ ਘਰੇਲੂ ਪੱਧਰ ਉੱਤੇ ਕਾਫ਼ੀ ਯੋਗਦਾਨ ਪਾਉਂਦੀਆਂ ਹਨ। ਉਹ ਮਰਦਾਂ ਦੇ ਮੁਕਾਬਲੇ ਘੱਟ ਮਜ਼ਦੂਰੀ ਉੱਤੇ ਖੇਤਾਂ ਵਿੱਚ ਕੰਮ ਕਰਦੀਆਂ ਹਨ। ਉਹਨਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਦੇ ਸਮਾਜਿਕ-ਆਰਥਿਕ ਹਾਲਾਤ ਬਹੁਤ ਤਰਸਯੋਗ ਹਨ। ਪੇਂਡੂ ਰਾਜਨੀਤੀ ਵਿੱਚ ਮਰਦਾਂ ਦਾ ਦਬਦਬਾ ਹੈ; ਔਰਤਾਂ ਸੰਵਿਧਾਨਕ ਪ੍ਰਬੰਧਾਂ ਨੂੰ ਪੂਰਾ ਕਰਨ ਲਈ ਖਾਨਾ-ਪੂਰਤੀ ਵਜੋਂ ਕੰਮ ਕਰ ਰਹੀਆਂ ਹਨ। ਉਹ ਪੇਂਡੂ ਪੱਧਰ ਦੀ ਰਾਜਨੀਤੀ ਬਾਰੇ ਵੀ ਜਾਣੂ ਨਹੀਂ ਹਨ।

ਮੌਜੂਦਾ ਸਾਹਿਤ ਦੀ ਸਮੀਖਿਆ ਤੋਂ ਇਹ ਤੱਥ ਸਾਹਮਣੇ ਆਇਆ ਕਿ ਜ਼ਿਆਦਾਤਰ ਪੇਂਡੂ ਮਜ਼ਦੂਰ ਔਰਤਾਂ ਸਿਰਫ਼ ਆਰਥਕ ਤੰਗੀਆਂ-ਤੁਰਸ਼ੀਆਂ ਦੇ ਕਾਰਨ ਦਿਹਾੜੀ ਦਾ ਕੰਮ ਕਰਦੀਆਂ ਹਨ। ਇਸੇ ਕਾਰਨ ਆਰਥਿਕ ਤੌਰ ਉੱਤੇ ਪਿਛੜੇ ਸਮਾਜ ਵਿੱਚ ਔਰਤਾਂ ਦੀ ਕਾਰਜ ਸਹਿਭਾਗਤਾ ਦੀ ਦਰ ਵੱਧ ਹੁੰਦੀ ਹੈ। ਆਮ ਤੌਰ ਉੱਤੇ ਉੱਚ ਸ਼੍ਰੇਣੀ (ਉੱਚ ਆਮਦਨ) ਦੀਆਂ ਔਰਤਾਂ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਬਹੁਤ ਸੰਘਰਸ਼ ਕਰਨ ਦੀ ਲੋੜ ਨਹੀਂ ਹੁੰਦੀ। ਨਤੀਜੇ ਵਜੋਂ, ਉਹਨਾਂ ਦੀ ਕਾਰਜ ਸਹਿਭਾਗਤਾ ਦੀ ਦਰ ਘੱਟ ਰਹਿੰਦੀ ਹੈ। ਦੂਜੇ ਪਾਸੇ, ਹੇਠਲੇ ਵਰਗ (ਘੱਟ ਆਮਦਨ) ਦੀਆਂ ਔਰਤਾਂ ਵਿੱਚ ਕਾਰਜ ਸਹਿਭਾਗਤਾ ਦੀ ਦਰ ਉੱਚੀ ਹੁੰਦੀ ਹੈ। ਇਸ ਤੋਂ ਇਲਾਵਾ, ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ ਦੇ ਮੁੱਦਿਆਂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਇਸ ਲਈ, ਇਸ ਅਧਿਐਨ ਵਿੱਚ ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ ਦਾ ਮੁਲਾਂਕਣ ਕੀਤਾ ਗਿਆ ਹੈ।

ਮੌਜੂਦਾ ਅਧਿਐਨ ਬਹੁ-ਪੱਧਰੀ ਯੋਜਨਾਬੱਧ ਅਨਿਯਮਤ ਨਮੂਨਾ ਤਕਨੀਕ ਉੱਤੇ ਆਧਾਰਿਤ ਹੈ ਜੋ ਸਾਲ 2016-17 ਨਾਲ ਸੰਬੰਧਿਤ ਹੈ। ਅਧਿਐਨ ਦੇ ਉਦੇਸ਼ ਲਈ, ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਅਰਥਾਤ ਮਾਲਵਾ, ਦੋਆਬਾ ਅਤੇ ਮਾਝਾ ਵਿੱਚੋਂ ਚਾਰ ਜ਼ਿਲ੍ਹੇ ਚੁਣੇ ਗਏ। ਮਾਝਾ ਵਿੱਚੋਂ ਅੰਮ੍ਰਿਤਸਰ, ਦੋਆਬਾ ਵਿੱਚੋਂ ਜਲੰਧਰ ਅਤੇ ਮਾਲਵਾ ਵਿੱਚੋਂ ਮਾਨਸਾ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਚੁਣੇ ਗਏ ਹਨ। ਮਾਲਵਾ ਪੰਜਾਬ ਦਾ ਵੱਡਾ ਖੇਤਰ ਹੈ, ਜਿਸ ਵਿੱਚ 14 ਜ਼ਿਲ੍ਹੇ ਹਨ, ਇਸ ਲਈ ਇਸ ਖੇਤਰ ਵਿੱਚੋਂ ਦੋ ਜ਼ਿਲ੍ਹੇ ਚੁਣੇ ਗਏ ਹਨ। ਚੁਣੇ ਹੋਏ ਹਰੇਕ ਜ਼ਿਲ੍ਹੇ ਦੇ ਸਾਰੇ ਵਿਕਾਸ ਖੰਡਾਂ ਵਿੱਚੋਂ ਬੇਤਰਤੀਬੀ ਨਿਰਪੱਖ ਵਿਧੀ ਨਾਲ ਇੱਕ ਇੱਕ ਪਿੰਡ ਦੀ ਚੋਣ ਕੀਤੀ ਗਈ। ਚੁਣੇ ਹੋਏ ਵਿਕਾਸ ਖੰਡਾਂ ਦੀ ਗਿਣਤੀ 29 ਬਣਦੀ ਹੈ, ਇਸ ਲਈ ਸਾਰੇ ਚੁਣੇ ਹੋਏ ਪਿੰਡਾਂ ਦੀ ਗਿਣਤੀ 29 ਹੈ। ਇਹਨਾਂ 29 ਪਿੰਡਾਂ ਦੇ ਕੁੱਲ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ 15 ਪ੍ਰਤਿਸ਼ਤ ਅਰਥਾਤ 1017 ਪਰਿਵਾਰਾਂ ਤੋਂ ਅੰਕੜੇ ਇੱਕਠੇ ਕੀਤੇ ਗਏ। ਸਰਵੇਖਣ ਕੀਤੇ ਪਰਿਵਾਰਾਂ ਵਿੱਚੋਂ 408 ਪਰਿਵਾਰ ਮਾਲਵਾ, 260 ਦੋਆਬਾ ਅਤੇ 349 ਮਾਝਾ ਨਾਲ ਸੰਬੰਧਿਤ ਹਨ। ਲੋੜੀਂਦੇ ਮੁੱਢਲੇ ਅੰਕੜੇ ਚੁਣੇ ਗਏ ਪਰਿਵਾਰਾਂ ਤੋਂ ਚੰਗੀ ਤਰ੍ਹਾਂ ਤਿਆਰ ਕੀਤੀ ਪ੍ਰਸ਼ਨਾਵਲੀ ਦੁਆਰਾ ਇਕੱਠੇ ਕੀਤੇ ਗਏ ਹਨ। ਬਹੁਤ ਉੱਤਰਦਾਤਾ ਅਨਪੜ੍ਹ ਹੋਣ ਕਰਕੇ ਪ੍ਰਸ਼ਨਾਵਲੀਆਂ ਨੂੰ ਨਿੱਜੀ ਮੁਲਾਕਾਤ ਵਿਧੀ ਰਾਹੀਂ ਹੀ ਭਰਿਆ ਗਿਆ ਹੈ। ਖੋਜ ਦੇ ਮਹੱਤਵਪੂਰਨ ਨਤੀਜਿਆਂ ਨੂੰ ਹੇਠਾਂ ਦਿੱਤੇ ਅਨੁਸਾਰ ਬਿਆਨ ਕੀਤਾ ਗਿਆ ਹੈ:

ਤਿੰਨ-ਚੋਥਾਈ ਤੋਂ ਜ਼ਿਆਦਾ (77.19 ਪ੍ਰਤਿਸ਼ਤ) ਪੇਂਡੂ ਔਰਤ ਮਜ਼ਦੂਰ 30 ਤੋਂ 59 ਸਾਲ ਦੀ ਉਮਰ ਨਾਲ ਸੰਬੰਧਿਤ ਹਨ। ਦੋ-ਤਿਹਾਈ ਤੋਂ ਜ਼ਿਆਦਾ (67.35 ਪ੍ਰਤੀਸ਼ਤ) ਪੇਂਡੂ ਔਰਤ ਮਜ਼ਦੂਰ ਅਨਪੜ੍ਹ ਹਨ। ਪੜ੍ਹੀਆਂ-ਲਿਖੀਆਂ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ ਜ਼ਿਆਦਾਤਰ ਪ੍ਰਾਇਮਰੀ ਤੱਕ ਪੜ੍ਹੀਆਂ ਹੋਈਆਂ ਹਨ। ਕੁੱਲ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ, 92.43 ਪ੍ਰਤਿਸ਼ਤ ਅਨੁਸੂਚਿਤ ਜਾਤੀਆਂ, 7.08 ਪ੍ਰਤਿਸ਼ਤ ਪਛੜੀਆਂ ਸ਼੍ਰੇਣੀਆਂ ਅਤੇ 0.49 ਪ੍ਰਤੀਸ਼ਤ ਜਨਰਲ ਸ਼੍ਰੇਣੀ ਨਾਲ ਸੰਬੰਧ ਰੱਖਦੀਆਂ ਹਨ। ਜ਼ਿਆਦਾਤਰ (89.68 ਪ੍ਰਤੀਸ਼ਤ) ਪੇਂਡੂ ਔਰਤ ਮਜ਼ਦੂਰਾਂ ਦੇ ਇਕਹਿਰੇ ਪਰਿਵਾਰ ਹਨ। ਇੱਕ-ਚੋਥਾਈ ਤੋਂ ਜ਼ਿਆਦਾ (26.16 ਪ੍ਰਤੀਸ਼ਤ) ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਜੀਆਂ ਦੀ ਗਿਣਤੀ 6 ਤੋਂ ਜ਼ਿਆਦਾ ਹੈ। ਇਸ ਤੋਂ ਇਹ ਵੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਹੁਤੇ ਪੇਂਡੂ ਔਰਤ ਮਜ਼ਦੂਰ ਛੋਟੇ ਪਰਿਵਾਰਾਂ ਦੇ ਮਹੱਤਵ ਤੋਂ ਜਾਗੂਰਕ ਨਹੀਂ ਹਨ। ਪੇਂਡੂ ਔਰਤ ਮਜ਼ਦੂਰਾਂ ਦੀ ਵੱਡੀ ਗਿਣਤੀ ਅਰਧ-ਪੱਕੇ ਘਰਾਂ ਵਿੱਚ ਰਹਿੰਦੀ ਹੈ, ਜਿਹਨਾਂ ਵਿੱਚੋਂ ਜ਼ਿਆਦਾਤਰ ਘਰ ਖਸਤਾ ਹਾਲਤ ਵਿੱਚ ਹਨ। ਇਸ ਤੋਂ ਸਪਸ਼ਟ ਹੈ ਕਿ ਜ਼ਿਆਦਾਤਰ ਔਰਤ ਮਜ਼ਦੂਰ ਪਰਿਵਾਰ ਆਰਥਿਕ ਮਜਬੂਰੀਆਂ ਕਾਰਨ ਮਾੜੀਆਂ ਹਾਲਤਾਂ ਵਿੱਚ ਰਹਿੰਦੇ ਹਨ। ਉਹ ਇਹਨਾਂ ਮਾੜੀ ਹਾਲਤ ਵਾਲੇ ਘਰਾਂ ਦੀ ਮੁਰੰਮਤ ਵੀ ਨਹੀਂ ਕਰਵਾ ਸਕਦੇ। ਜ਼ਿਆਦਾਤਰ (69.12 ਪ੍ਰਤਿਸ਼ਤ) ਔਰਤ ਮਜ਼ਦੂਰ ਪਰਿਵਾਰਾਂ ਦੇ ਘਰਾਂ ਵਿੱਚ ਰਸੋਈ ਦੀ ਸਹੂਲਤ ਨਹੀਂ ਹੈ। ਭਾਵੇਂ 83.97 ਪ੍ਰਤਿਸ਼ਤ ਪਰਿਵਾਰਾਂ ਦੇ ਘਰਾਂ ਵਿੱਚ ਗੁਸਲਖਾਨੇ/ਪਖਾਨੇ ਦੀ ਸਹੂਲਤ ਹੈ, ਪਰ ਬਹੁਤੇ ਘਰਾਂ ਵਿੱਚ ਗੁਸਲਖਾਨੇ/ਪਖਾਨੇ ਦੀ ਹਾਲਤ ਬਹੁਤ ਮਾੜੀ ਹੈ। ਇਹ ਵੀ ਜ਼ਿਕਰਯੋਗ ਹੈ ਕਿ 11.70 ਪ੍ਰਤਿਸ਼ਤ ਔਰਤ ਮਜ਼ਦੂਰ ਪਰਿਵਾਰਾਂ ਕੋਲ ਪੀਣ ਵਾਲੇ ਪਾਣੀ ਦੇ ਕਿਸੇ ਵੀ ਸ੍ਰੋਤ ਦਾ ਕੋਈ ਪ੍ਰਬੰਧ ਨਹੀਂ ਹੈ ਅਤੇ ਉਹ ਇਸ ਲਈ ਗੁਆਂਢੀਆਂ ਜਾਂ ਹੋਰ ਸ੍ਰੋਤਾਂ ਉੱਤੇ ਨਿਰਭਰ ਹਨ।

ਪੇਂਡੂ ਔਰਤ ਮਜ਼ਦੂਰਾਂ ਦੀ ਸਮਾਜਿਕ ਸਥਿਤੀ ਅਤੇ ਰਹਿਣ ਹਾਲਤਾਂ ਦੇ ਖੇਤਰ-ਵਾਰ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਤਿੰਨਾਂ ਖੇਤਰਾਂ ਵਿੱਚ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰ 30 ਤੋਂ 44 ਸਾਲ ਦੀ ਉਮਰ ਨਾਲ ਸੰਬੰਧਿਤ ਹਨ। ਮਾਝਾ ਵਿੱਚ ਇਹ ਅਨੁਪਾਤ 48.71, ਦੋਆਬਾ ਵਿੱਚ 46.15 ਅਤੇ ਮਾਲਵਾ ਵਿੱਚ 42.16 ਹੈ। ਮਾਝਾ, ਮਾਲਵਾ ਅਤੇ ਦੋਆਬਾ ਦੇ ਕ੍ਰਮਵਾਰ 78.80, 72.55 ਅਤੇ 64.62 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰ ਅਨਪੜ੍ਹ ਹਨ। ਪੜ੍ਹੀਆਂ-ਲਿਖੀਆਂ ਪੇਂਡੂ ਔਰਤ ਮਜ਼ਦੂਰਾਂ ਵਿੱਚੋਂ ਦੋਆਬਾ, ਮਾਲਵਾ ਅਤੇ ਮਾਝਾ ਵਿੱਚ ਜ਼ਿਆਦਾਤਰ ਪ੍ਰਾਇਮਰੀ ਤੱਕ ਪੜ੍ਹੀਆਂ ਹੋਈਆਂ ਹਨ। ਇਹਨਾਂ ਤਿੰਨਾਂ ਖੇਤਰਾਂ ਵਿੱਚ ਇਹ ਪ੍ਰਤਿਸ਼ਤ ਕ੍ਰਮਵਾਰ 19.62, 16.91 ਅਤੇ 9.17 ਹੈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਪੂਰੇ ਨਮੂਨੇ ਵਿੱਚ ਕੋਈ ਵੀ ਪੇਂਡੂ ਔਰਤ ਮਜ਼ਦੂਰ ਗ੍ਰੈਜੂਏਸ਼ਨ ਪੱਧਰ ਤੱਕ ਨਹੀਂ ਪੜ੍ਹੀ ਹੋਈ। ਸਾਰੇ ਤਿੰਨ ਖੇਤਰਾਂ ਦੇ ਜ਼ਿਆਦਾਤਰ ਔਰਤ ਮਜ਼ਦੂਰ ਪਰਿਵਾਰ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਹਨ। ਦੋਆਬਾ ਦੇ 96.15, ਮਾਝਾ ਦੇ 91.40 ਅਤੇ ਮਾਲਵਾ ਦੇ



90.93 ਪ੍ਰਤਿਸ਼ਤ ਇਹ ਪਰਿਵਾਰ ਅਨੁਸੂਚਿਤ ਜਾਤੀਆਂ ਨਾਲ ਸੰਬੰਧ ਰੱਖਦੇ ਹਨ। ਮਾਲਵਾ, ਮਾਝਾ ਅਤੇ ਦੋਆਬਾ ਦੇ ਔਰਤ ਮਜ਼ਦੂਰ ਪਰਿਵਾਰਾਂ ਦਾ ਕ੍ਰਮਵਾਰ 8.82, 7.74 ਅਤੇ 3.46 ਪ੍ਰਤਿਸ਼ਤ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹੈ। ਸਭ ਤੋਂ ਘੱਟ ਅਨੁਪਾਤ ਜਨਰਲ ਸ਼੍ਰੇਣੀ ਦਾ ਹੈ ਜੋ ਕਿ ਮਾਝਾ, ਦੋਆਬਾ ਅਤੇ ਮਾਲਵਾ ਵਿੱਚ ਕ੍ਰਮਵਾਰ 0.86, 0.38 ਅਤੇ 0.25 ਪ੍ਰਤਿਸ਼ਤ ਹੈ। ਭਾਵੇਂ ਤਿੰਨਾਂ ਖੇਤਰਾਂ ਦੇ ਜ਼ਿਆਦਾਤਰ ਪੇਂਡੂ ਔਰਤ ਮਜ਼ਦੂਰਾਂ ਦੇ ਇਕਹਿਰੇ ਪਰਿਵਾਰ ਹਨ, ਪਰ ਮਾਝਾ, ਦੋਆਬਾ ਅਤੇ ਮਾਲਵਾ ਦੇ ਕ੍ਰਮਵਾਰ 27.51, 23.85 ਅਤੇ 26.47 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰ ਪਰਿਵਾਰ ਅਜਿਹੇ ਹਨ ਜਿਹਨਾਂ ਵਿੱਚ ਜੀਆਂ ਦੀ ਗਿਣਤੀ 6 ਜਾਂ ਇਸ ਤੋਂ ਜ਼ਿਆਦਾ ਹੈ। ਤਿੰਨਾਂ ਖੇਤਰਾਂ ਮਾਝਾ, ਦੋਆਬਾ ਅਤੇ ਮਾਲਵਾ ਵਿੱਚ ਕ੍ਰਮਵਾਰ 17.77, 17.69 ਅਤੇ 10.05 ਪ੍ਰਤਿਸ਼ਤ ਪਰਿਵਾਰਾਂ ਦੀਆਂ ਮੁਖੀ ਔਰਤਾਂ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੇਂਡੂ ਔਰਤ ਮਜ਼ਦੂਰ ਮਰਦ-ਪ੍ਰਧਾਨ ਸਮਾਜ ਵਿੱਚ ਰਹਿ ਰਹੀਆਂ ਹਨ। ਜੇਕਰ ਰਿਹਾਇਸ਼ੀ ਘਰਾਂ ਦੇ ਹਾਲਾਤਾਂ ਦੀ ਗੱਲ ਕਰੀਏ ਤਾਂ ਇਹ ਖੋਜ ਦਸਦੀ ਹੈ ਕਿ ਪੇਂਡੂ ਔਰਤ ਮਜ਼ਦੂਰਾਂ ਦੀ ਵੱਡੀ ਗਿਣਤੀ ਤਿੰਨਾਂ ਖੇਤਰਾਂ ਵਿੱਚ ਅਰਧ-ਪੱਕੇ ਘਰਾਂ ਵਿੱਚ ਰਹਿੰਦੀ ਹੈ ਅਤੇ ਜ਼ਿਆਦਾਤਰ ਘਰਾਂ ਦੀ ਹਾਲਤ ਖਸਤਾ ਹੈ, ਜੋ ਇਹਨਾਂ ਘਰਾਂ ਵਿੱਚ ਪਸਰੀ ਘੋਰ ਗ਼ਰੀਬੀ ਨੂੰ ਦਰਸਾਉਂਦੀ ਹੈ। ਤਿੰਨਾਂ ਖੇਤਰਾਂ ਵਿੱਚ ਲਗਭਗ ਦੋ-ਤਿਹਾਈ ਪਰਿਵਾਰਾਂ ਦੇ ਘਰਾਂ ਵਿੱਚ ਰਸੋਈ ਨਹੀਂ ਹੈ। ਦੋਆਬਾ, ਮਾਝਾ ਅਤੇ ਮਾਲਵਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਕ੍ਰਮਵਾਰ 90.00, 83.95 ਅਤੇ 80.15 ਪ੍ਰਤਿਸ਼ਤ ਘਰਾਂ ਵਿੱਚ ਗੁਸਲਖਾਨੇ/ਪਖਾਨੇ ਦੀ ਸਹੂਲਤ ਹੈ, ਪਰ ਇਹਨਾਂ ਗੁਸਲਖਾਨਿਆਂ/ਪਖਾਨਿਆਂ ਵਿੱਚੋਂ ਬਹੁਤਿਆਂ ਦੀ ਹਾਲਤ ਬਹੁਤ ਖਸਤਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਮਾਲਵਾ, ਮਾਝਾ ਅਤੇ ਦੋਆਬਾ ਦੇ ਕ੍ਰਮਵਾਰ 19.12, 8.31 ਅਤੇ 4.62 ਪ੍ਰਤਿਸ਼ਤ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਕੋਲ ਪੀਣ ਵਾਲੇ ਪਾਣੀ ਦੇ ਕਿਸੇ ਵੀ ਸ੍ਰੋਤ ਦਾ ਕੋਈ ਪ੍ਰਬੰਧ ਨਹੀਂ ਹੈ।

ਪੰਜਾਬ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤਨ ਸਾਲਾਨਾ ਆਮਦਨ 77198.48 ਰੁਪਏ ਹੈ। ਭਾਵੇਂ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ ਦਾ ਮੁੱਖ ਸ੍ਰੋਤ ਖੇਤੀਬਾੜੀ ਖੇਤਰ ਵਿੱਚ ਠੇਕਾ ਅਤੇ ਦਿਹਾੜੀ ਆਧਾਰਿਤ ਮਜ਼ਦੂਰੀ ਤੋਂ ਕਮਾਈ ਗਈ ਆਮਦਨ ਹੈ, ਪਰ ਇਸਦਾ ਕੁੱਲ ਆਮਦਨ ਵਿੱਚ ਹਿੱਸਾ ਸਿਰਫ 24.91 ਪ੍ਰਤਿਸ਼ਤ ਹੈ। ਇਸ ਤੋਂ ਸਪਸ਼ਟ ਹੈ ਕਿ ਖੇਤੀਬਾੜੀ ਉਤਪਾਦਨ ਵਿੱਚ ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵੱਡੀ ਵਰਤੋਂ ਅਤੇ ਖੇਤੀਬਾੜੀ ਖੇਤਰ ਵਿੱਚ ਆਈ ਖੜ੍ਹੋਤ ਕਾਰਨ ਇਹਨਾਂ ਪਰਿਵਾਰਾਂ ਨੂੰ ਆਪਣੀ ਆਮਦਨ ਵਧਾਉਣ ਲਈ ਕਈ ਹੋਰ ਸ੍ਰੋਤਾਂ ਉੱਤੇ ਵੀ ਨਿਰਭਰ ਹੋਣਾ ਪੈਂਦਾ ਹੈ। ਹੋਰ ਸ੍ਰੋਤਾਂ ਤੋਂ ਕੁੱਲ ਆਮਦਨ ਦਾ 71.23 ਪ੍ਰਤਿਸ਼ਤ ਹਿੱਸਾ ਪ੍ਰਾਪਤ ਹੁੰਦਾ ਹੈ, ਜੋ ਔਰਤ ਅਤੇ ਮਰਦ ਦੋਵੇਂ ਮਜ਼ਦੂਰਾਂ ਦੁਆਰਾ ਮਿਲ ਕੇ ਕਮਾਈ ਜਾਂਦੀ ਹੈ। ਹੋਰ ਸ੍ਰੋਤਾਂ ਵਿੱਚ ਭਾਵੇਂ ਕਿ ਬਹੁਤ ਸਾਰੇ ਸ੍ਰੋਤ ਆ ਜਾਂਦੇ ਹਨ, ਪਰ ਉਸਾਰੀ ਦੇ ਕੰਮਾਂ ਵਿੱਚ ਮਜ਼ਦੂਰੀ, ਤਨਖਾਹਾਂ, ਮਨਰੇਗਾ ਅਧੀਨ ਮਜ਼ਦੂਰੀ, ਸਵੈ-ਰੁਜ਼ਗਾਰ, ਘਰੇਲੂ ਨੌਕਰ ਵਜੋਂ ਮਜ਼ਦੂਰੀ, ਰੰਗ-ਰੋਗਨ ਕਰਨ, ਰਿਕਸ਼ਾ ਜਾਂ ਆਟੋਰਿਕਸ਼ਾ ਚਲਾਉਣ, ਇੱਟਾਂ ਦੇ ਭੱਠੇ ਉੱਤੇ ਮਜ਼ਦੂਰੀ ਕਰਨ ਆਦਿ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਮਹੱਤਵਪੂਰਨ ਸਥਾਨ ਰੱਖਦੀ ਹੈ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ! ਕੁੱਲ ਆਮਦਨ ਦਾ 3.86 ਪ੍ਰਤਿਸ਼ਤ ਹਿੱਸਾ ਹਸਤਾਂਤਰਣ ਆਮਦਨ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਇਸ ਸ੍ਰੋਤ ਵਿੱਚ ਪੈਨਸ਼ਨਾਂ ਦਾ ਮੱਹਤਵਪੂਰਨ ਹਿੱਸਾ ਹੈ, ਇਸ ਤੋਂ ਬਾਅਦ ਦਾ ਸਥਾਨ ਵਜੀਫ਼ੇ, ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਪ੍ਰਾਪਤ ਮਦਦ ਦਾ ਹੈ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਪਰਿਵਾਰਿਕ ਆਮਦਨ ਦੀ ਵੰਡ ਦੇ ਮੁਕਾਬਲੇ ਪ੍ਰਤਿ ਵਿਅਕਤੀ ਆਮਦਨ ਦੀ ਵੰਡ ਵਿੱਚ ਜ਼ਿਆਦਾ ਅਸਮਾਨਤਾਵਾਂ ਪਾਈਆਂ ਗਈਆਂ ਹਨ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤਨ ਸਾਲਾਨਾ ਆਮਦਨ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਕਿ ਇਹਨਾਂ ਪਰਿਵਾਰਾਂ ਦੀ ਔਸਤਨ ਸਾਲਾਨਾ ਪਰਿਵਾਰਿਕ ਆਮਦਨ ਸਭ ਤੋਂ ਵੱਧ 82433.18 ਰੁਪਏ ਦੋਆਬਾ ਵਿੱਚ ਹੈ, ਜਦੋਂ ਕਿ ਸਭ ਤੋਂ ਘੱਟ 73819.69 ਰੁਪਏ ਮਾਝਾ ਵਿੱਚ ਹੈ। ਇਹ ਆਮਦਨ ਮਾਲਵਾ ਵਿੱਚ 76752.84 ਰੁਪਏ ਹੈ। ਦੋਆਬਾ ਵਿੱਚ ਸਭ ਤੋਂ ਵੱਧ ਔਸਤਨ ਪਰਿਵਾਰਿਕ ਆਮਦਨ ਹੋਣ ਦਾ ਕਾਰਨ ਇਹ ਹੈ ਕਿ ਇਸ ਖੇਤਰ ਵਿੱਚ ਆਮਦਨ ਦੇ ਹੋਰ ਸ੍ਰੋਤਾਂ ਜਿਵੇਂ ਕਿ ਉਸਾਰੀ ਦੇ ਕੰਮਾਂ ਵਿੱਚ ਮਜ਼ਦੂਰੀ ਕਰਨ, ਸਵੈ-ਰੁਜ਼ਗਾਰ, ਰੰਗ-ਰੋਗਨ ਕਰਨ, ਡਰਾਈਵਰ ਵਜੋਂ ਕੰਮ ਕਰਨ, ਦੁੱਧ ਵੇਚਣ, ਕੱਪੜੇ ਸਿਉਣ, ਮਿਡ-ਡੇਅ ਮੀਲ/ਆਸ਼ਾ/ਆਂਗਨਵਾੜੀ ਵਰਕਰ ਵਜੋਂ ਕੰਮ ਕਰਨ, ਪਰਿਵਾਰ ਦੇ ਬਾਹਰੀ ਜੀਆਂ ਰਾਹੀਂ ਭੇਜੀ ਕਮਾਈ ਆਦਿ ਤੋਂ ਪ੍ਰਾਪਤ ਆਮਦਨ ਦੂਜੇ ਦੋਵਾਂ ਖੇਤਰਾਂ ਦੇ ਮੁਕਾਬਲੇ ਵੱਧ ਅਤੇ ਨਿਯਮਿਤ ਹੈ। ਖੇਤੀਬਾੜੀ ਖੇਤਰ ਵਿੱਚ ਠੇਕਾ ਅਤੇ ਦਿਹਾੜੀ ਤੋਂ ਪ੍ਰਾਪਤ ਮਜ਼ਦੂਰੀ ਦਾ ਕੁੱਲ ਆਮਦਨ ਵਿੱਚ ਹਿੱਸਾ ਸਭ ਤੋਂ ਵੱਧ ਮਾਲਵਾ ਖੇਤਰ ਵਿੱਚ 28.37 ਪ੍ਰਤਿਸ਼ਤ ਹੈ, ਜਦੋਂ ਕਿ ਇਹ ਹਿੱਸਾ ਮਾਝਾ ਅਤੇ ਦੋਆਬਾ ਖੇਤਰਾਂ ਲਈ ਕ੍ਰਮਵਾਰ 24.07 ਅਤੇ 20.85 ਪ੍ਰਤਿਸ਼ਤ ਹੈ। ਇਸਦਾ ਕਾਰਨ ਮਾਲਵਾ ਖੇਤਰ ਵਿੱਚ ਖੇਤੀਬਾੜੀ ਖੇਤਰ ਵਿੱਚ ਠੇਕਾ ਆਧਾਰਿਤ ਮਜ਼ਦੂਰੀ ਹੈ, ਜਿਸ ਤੋ ਇਹਨਾਂ ਪਰਿਵਾਰਾਂ ਨੂੰ ਆਮਦਨ ਦਾ ਨਿਯਮਿਤ ਆਧਾਰ ਪ੍ਰਾਪਤ ਹੁੰਦਾ ਹੈ। ਮਾਲਵਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਦੂਜੇ ਦੋਵਾਂ ਖੇਤਰਾਂ ਦੇ ਮੁਕਾਬਲਤਨ ਪਰਿਵਾਰਿਕ ਆਮਦਨ ਦੀ ਵੰਡ ਵਧੇਰੇ ਅਸਮਾਨ ਹੈ। ਗਿੰਨੀ ਗੁਣਾਂਕ ਦਾ ਮੁੱਲ ਵੀ ਮਾਲਵਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਸਭ ਤੋਂ ਵੱਧ 0.2319 ਹੈ, ਜਦੋਂ ਕਿ ਮਾਝਾ ਲਈ ਸਭ ਤੋਂ ਘੱਟ 0.2236 ਹੈ। ਇਹ ਤੱਥ ਇਹਨਾਂ ਖੇਤਰਾਂ ਵਿੱਚ ਕ੍ਰਮਵਾਰ ਮੁਕਾਬਲਤਨ ਮਾੜੀ ਅਤੇ ਚੰਗੀ ਵੰਡ ਦੀ ਬਣਤਰ ਨੂੰ ਦਰਸਾਉਂਦਾ ਹੈ। ਗਿੰਨੀ ਗੁਣਾਂਕ ਦਾ ਮੁੱਲ ਦੋਆਬਾ ਲਈ 0.2260 ਹੈ। ਤਿੰਨੋਂ ਖੇਤਰਾਂ ਦੇ ਪੇਂਡੂ ਔਰਤ ਮਜ਼ਦੂਰਾਂ ਦੀ ਪਰਿਵਾਰਿਕ ਆਮਦਨ ਦੀ ਵੰਡ ਦੇ ਮੁਕਾਬਲੇ ਪ੍ਰਤਿ ਵਿਅਕਤੀ ਆਮਦਨ ਦੀ ਵੰਡ ਵਿੱਚ ਜ਼ਿਆਦਾ ਅਸਮਾਨਤਾਵਾਂ ਪਾਈਆਂ ਗਈਆਂ ਹਨ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਗਿੰਨੀ ਗੁਣਾਂਕ ਦਾ ਮੁੱਲ ਸਭ ਤੋਂ ਵੱਧ (0.2525) ਮਾਲਵਾ ਵਿੱਚ ਹੈ, ਜਦੋਂ ਕਿ ਸਭ ਤੋਂ ਘੱਟ (0.2357) ਦੋਆਬਾ ਵਿੱਚ ਹੈ। ਮਾਝਾ ਲਈ ਗਿੰਨੀ ਗੁਣਾਂਕ ਦਾ ਮੁੱਲ 0.2391 ਹੈ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮਾਲਵਾ ਵਿੱਚ ਦੂਜੇ ਖੇਤਰਾਂ ਦੇ ਮੁਕਾਬਲੇ ਵਧੇਰੇ ਅਸਮਾਨਤਾਵਾਂ ਹਨ।

ਉਪਭੋਗ ਖ਼ਰਚ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦਾ ਔਸਤਨ ਸਾਲਾਨਾ ਪਰਿਵਾਰਿਕ ਉਪਭੋਗ ਖ਼ਰਚ 85621.77 ਰੁਪਏ ਹੈ। ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਉਪਭੋਗ ਖ਼ਰਚ ਵਿੱਚ ਇੱਕ ਵੱਡਾ ਹਿੱਸਾ ਗ਼ੈਰ-ਟਿਕਾਊ ਵਸਤਾਂ ਦਾ ਹੈ ਜਿਹੜਾ ਕਿ 57.34 ਪ੍ਰਤਿਸ਼ਤ ਹੈ। ਇਸ ਤੋਂ ਬਾਅਦ ਸਮਾਜਿਕ-ਧਾਰਮਿਕ ਰਸਮਾਂ, ਸੇਵਾਵਾਂ ਅਤੇ ਟਿਕਾਊ ਵਸਤਾਂ ਉੱਤੇ ਹੋਣ ਵਾਲੇ ਖ਼ਰਚ ਦਾ ਕੁੱਲ ਉਪਭੋਗ ਖ਼ਰਚ ਵਿੱਚ ਹਿੱਸਾ ਕ੍ਰਮਵਾਰ 14.49, 14.27 ਅਤੇ 13.90 ਪ੍ਰਤਿਸ਼ਤ ਹੈ। ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਆਪਣੇ ਕੁੱਲ ਉਪਭੋਗ ਖ਼ਰਚ ਦਾ 13.57 ਪ੍ਰਤਿਸ਼ਤ ਹਿੱਸਾ ਇੱਕਲੇ ਅਨਾਜ-ਪਦਾਰਥਾਂ ਉੱਤੇ ਖ਼ਰਚ ਕੀਤਾ ਜਾਂਦਾ ਹੈ, ਜਦੋਂ ਕਿ ਸਾਰੀਆਂ ਟਿਕਾਊ ਵਸਤਾਂ ਉੱਤੇ ਹੋਣ ਵਾਲਾ ਖ਼ਰਚ ਸਿਰਫ਼ 13.90 ਪ੍ਰਤਿਸ਼ਤ ਹੈ। ਇਸ ਤੋਂ ਇਹਨਾਂ ਪਰਿਵਾਰਾਂ ਦੀਆਂ ਮਾੜੀਆਂ ਆਰਥਿਕ ਹਾਲਤਾਂ ਦੀ ਤਸਵੀਰ ਪੂਰੀ ਤਰ੍ਹਾਂ ਉਜਾਗਰ ਹੋ ਜਾਂਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦਾ ਜੀਵਨ-ਪੱਧਰ ਸਿਰਫ਼ ਜੀਵਨ-ਨਿਰਬਾਹ ਤੱਕ ਹੀ ਸੀਮਿਤ ਹੈ। ਪੰਜਾਬ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤ ਉਪਭੋਗ ਪ੍ਰਵਿਰਤੀ 1.11 ਹੈ। ਔਸਤ ਉਪਭੋਗ ਪ੍ਰਵਿਰਤੀ ਇੱਕ ਤੋਂ ਜ਼ਿਆਦਾ ਹੋਣ ਤੋਂ ਪਤਾ ਲੱਗਦਾ ਹੈ ਕਿ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਦਾ ਸਾਲਾਨਾ ਘਾਟਾ 8423.29 ਰੁਪਏ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਰਿਵਾਰ ਉਪਭੋਗ ਖ਼ਰਚ ਦੇ ਇੱਕ ਘੱਟ ਤੋਂ ਘੱਟ ਪੱਧਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਭਾਵੇਂ ਉਹ ਖ਼ਰਚ ਕਰਨ ਦੀ ਗੁੰਜਾਇਸ਼ ਰੱਖਦੇ ਹੋਣ ਜਾਂ ਨਹੀਂ ਅਤੇ ਅਜਿਹੀ ਕੋਸ਼ਿਸ਼ ਵਿੱਚ ਉਹ ਕਰਜ਼ਾ ਵੀ ਲੈਂਦੇ ਹਨ। ਪੰਜਾਬ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਪਰਿਵਾਰਿਕ ਉਪਭੋਗ ਖ਼ਰਚ ਅਤੇ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਲਈ ਗਿੰਨੀ ਗੁਣਾਂਕ ਦਾ ਮੁੱਲ ਕ੍ਰਮਵਾਰ 0.1759 ਅਤੇ 0.2223 ਹੈ, ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਪਰਿਵਾਰਕ ਉਪਭੋਗ ਖ਼ਰਚ ਦੀ ਵੰਡ ਦੇ ਮੁਕਾਬਲੇ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਦੀ ਵੰਡ ਵਿੱਚ ਜ਼ਿਆਦਾ ਅਸਮਾਨਤਾਵਾਂ ਹਨ।

ਉਪਭੋਗ ਖ਼ਰਚ ਦੇ ਖੇਤਰ-ਵਾਰ ਅਧਿਐਨ ਤੋਂ ਇਹ ਸਾਹਮਣੇ ਆਇਆ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਦਾ ਉਪਭੋਗ ਖ਼ਰਚ ਦੋਆਬਾ ਵਿੱਚ ਸਭ ਤੋਂ ਵੱਧ (89451.85 ਰੁਪਏ) ਅਤੇ ਮਾਝਾ ਵਿੱਚ ਸਭ ਤੋਂ ਘੱਟ (81714.64 ਰੁਪਏ) ਹੈ। ਮਾਲਵਾ ਵਿੱਚ ਔਸਤਨ ਉਪਭੋਗ ਖ਼ਰਚ 86523.17 ਰੁਪਏ ਹੈ। ਗ਼ੈਰ-ਟਿਕਾਊ ਵਸਤਾਂ ਦੇ ਉਪਭੋਗ ਖ਼ਰਚ ਦਾ ਕੁੱਲ ਉਪਭੋਗ ਵਿੱਚ ਸਭ ਤੋਂ ਵੱਧ ਹਿੱਸਾ ਮਾਝਾ ਵਿੱਚ 59.32 ਪ੍ਰਤਿਸ਼ਤ, ਜਦੋਂ ਕਿ ਦੋਆਬਾ ਅਤੇ ਮਾਲਵਾ ਵਿੱਚ ਇਹ ਖ਼ਰਚ ਕ੍ਰਮਵਾਰ 56.74 ਅਤੇ 56.14 ਪ੍ਰਤਿਸ਼ਤ ਹੈ। ਕੁੱਲ ਖ਼ਰਚ ਵਿੱਚੋਂ ਸਮਾਜਿਕ-ਧਾਰਮਿਕ ਰਸਮਾਂ ਉੱਪਰ ਹੋਣ ਵਾਲੇ ਉਪਭੋਗ ਖ਼ਰਚ ਦਾ ਹਿੱਸਾ ਮਾਲਵਾ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਲਈ ਸਭ ਤੋਂ ਵੱਧ (15.13 ਪ੍ਰਤਿਸ਼ਤ) ਹੈ ਅਤੇ ਇਸ ਤੋਂ ਬਾਅਦ ਦੋਆਬਾ ਅਤੇ ਮਾਝਾ ਲਈ ਇਸ ਉਪਭੋਗ ਖ਼ਰਚ ਦਾ ਹਿੱਸਾ ਕ੍ਰਮਵਾਰ 14.17 ਅਤੇ 13.95 ਪ੍ਰਤਿਸ਼ਤ ਹੈ। ਮਾਲਵਾ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਆਪਣੇ ਕੁੱਲ ਉਪਭੋਗ ਖ਼ਰਚ ਦਾ 14.97 ਪ੍ਰਤਿਸ਼ਤ ਹਿੱਸਾ ਸੇਵਾਵਾਂ ਉੱਤੇ ਖ਼ਰਚ ਕੀਤਾ ਜਾਂਦਾ ਹੈ, ਜਦੋਂ ਕਿ ਇਹ ਹਿੱਸਾ ਦੋਆਬਾ ਅਤੇ ਮਾਝਾ ਵਿੱਚ ਕ੍ਰਮਵਾਰ 13.80 ਅਤੇ 13.79 ਪ੍ਰਤਿਸ਼ਤ ਹੈ। ਟਿਕਾਊ ਵਸਤਾਂ ਦਾ ਕੁੱਲ ਉਪਭੋਗ ਵਿੱਚ ਹਿੱਸਾ ਸਭ ਤੋਂ ਵੱਧ ਦੋਆਬਾ ਵਿੱਚ 15.29 ਪ੍ਰਤਿਸ਼ਤ ਹੈ। ਇਸ ਤੋਂ ਬਾਅਦ ਮਾਲਵਾ ਵਿੱਚ 13.76 ਅਤੇ ਮਾਝਾ ਵਿੱਚ 12.94 ਪ੍ਰਤਿਸ਼ਤ ਹੈ। ਸਾਰੇ ਤਿੰਨ ਖੇਤਰਾਂ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੇ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਵਿੱਚ ਕਾਫ਼ੀ ਭਿੰਨਤਾਵਾਂ ਪਾਈਆਂ ਗਈਆਂ ਹਨ। ਦੋਆਬਾ ਵਿੱਚ ਇੱਕ ਔਸਤਨ ਪੇਂਡੂ ਔਰਤ ਮਜ਼ਦੂਰ ਪਰਿਵਾਰ ਨੇ ਸਭ ਤੋਂ ਜ਼ਿਆਦਾ (19726.45 ਰੁਪਏ) ਪ੍ਰਤਿ ਵਿਅਕਤੀ ਉਪਭੋਗ ਖ਼ਰਚ ਕੀਤਾ ਹੈ, ਜਦੋਂ ਕਿ ਇਹ ਖ਼ਰਚ ਮਾਲਵਾ ਅਤੇ ਮਾਝਾ ਲਈ ਕ੍ਰਮਵਾਰ 18887.88 ਅਤੇ 16914.83 ਰੁਪਏ ਹੈ। ਦੋਆਬਾ ਵਿੱਚ ਪ੍ਰਤਿ ਵਿਅਕਤੀ ਉਪਭੋਗ ਖ਼ਰਚ ਵੱਧ ਹੋਣ ਦਾ ਕਾਰਨ ਇਸ ਖੇਤਰ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦਾ ਆਕਾਰ ਮੁਕਾਬਲਤਨ ਛੋਟਾ ਅਤੇ ਪਰਿਵਾਰਿਕ ਆਮਦਨ ਦਾ ਪੱਧਰ ਮੁਕਾਬਲਤਨ ਵੱਧ ਹੋਣਾ ਹੈ। ਪੰਜਾਬ ਦੇ ਸਾਰੇ ਤਿੰਨ ਖੇਤਰਾਂ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਦੀ ਔਸਤ ਉਪਭੋਗ ਪ੍ਰਵਿਰਤੀ ਇੱਕ ਤੋਂ ਜ਼ਿਆਦਾ ਹੈ। ਸਭ ਤੋਂ ਵੱਧ ਔਸਤ ਉਪਭੋਗ ਪ੍ਰਵਿਰਤੀ ਮਾਲਵਾ ਵਿੱਚ 1.13 ਹੈ, ਜਦੋਂ ਕਿ ਸਭ ਤੋਂ ਘੱਟ ਦੋਆਬਾ ਵਿੱਚ 1.09 ਹੈ। ਮਾਝਾ ਵਿੱਚ ਔਸਤ ਉਪਭੋਗ ਪ੍ਰਵਿਰਤੀ 1.11 ਹੈ।

ਸਾਰੇ ਖੇਤਰਾਂ ਵਿੱਚ ਔਸਤ ਉਪਭੋਗ ਪ੍ਰਵਿਰਤੀ ਦਾ ਇੱਕ ਤੋਂ ਜ਼ਿਆਦਾ ਹੋਣਾ ਇਹ ਸਪਸ਼ਟ ਕਰਦਾ ਹੈ ਕਿ ਤਿੰਨੇ ਖੇਤਰਾਂ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰ ਸਾਲਾਨਾ ਘਾਟਾ ਸਹਿੰਦੇ ਹਨ। ਸਭ ਤੋਂ ਵੱਧ ਸਾਲਾਨਾ ਘਾਟਾ ਮਾਲਵਾ ਵਿੱਚ 9770.33 ਰੁਪਏ ਹੈ, ਜਦੋਂ ਕਿ ਸਭ ਤੋਂ ਘੱਟ ਸਾਲਾਨਾ ਘਾਟਾ ਦੋਆਬਾ ਵਿੱਚ 7018.67 ਰੁਪਏ ਹੈ। ਮਾਝਾ ਵਿੱਚ ਸਾਲਾਨਾ ਘਾਟਾ 7894.95 ਰੁਪਏ ਹੈ।

ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸਾਰੇ ਖੇਤਰਾਂ ਦੇ ਪੇਂਡੂ ਔਰਤ ਮਜ਼ਦੂਰ ਪਰਿਵਾਰ ਉਪਭੋਗ ਖ਼ਰਚ ਦੇ ਇੱਕ ਘੱਟ ਤੋਂ ਘੱਟ ਪੱਧਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਵੱਖ ਵੱਖ ਸੋਮਿਆਂ ਤੋਂ ਕਰਜ਼ਾ ਲੈਂਦੇ ਹਨ। ਮਾਲਵਾ ਵਿੱਚ ਪੇਂਡੂ ਔਰਤ ਮਜ਼ਦੂਰ ਪਰਿਵਾਰਾਂ ਵਿੱਚ ਪਰਿਵਾਰਿਕ ਉਪਭੋਗ ਖ਼ਰਚ ਦੀ ਵੰਡ ਦਾ ਗਿੰਨੀ ਗੁਣਾਂਕ ਸਭ ਤੋਂ ਜ਼ਿਆਦਾ 0.1941 ਹੈ, ਜਦੋਂ ਕਿ ਮਾਝਾ ਅਤੇ ਦੋਆਬਾ ਵਿੱਚ ਇਹ ਕ੍ਰਮਵਾਰ 0.1635 ਅਤੇ 0.1504 ਹੈ।

(ਬਾਕੀ ਅਗਲੇ ਅੰਕ ਵਿਚ)

# ਅਛੂਤ ਦਾ ਸਵਾਲ – ਭਗਤ ਸਿੰਘ ਜੂਨ, 1928-ਕਿਰਤੀ



(ਕਾਕੀਨਾੜਾ ਵਿਖੇ 1923 ਵਿਚ ਕਾਂਗਰਸ ਅਜਲਾਸ ਹੋਇਆ। ਮੁਹੰਮਦ ਅਲੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ, ਅਨੁਸੂਚਿਤ ਜਾਤੀ ਦੇ ਮੈਂਬਰ, ਜਿਨਾਂ ਨੂੰ ਉਦੋਂ ਅਛੂਤ ਕਿਹਾ ਜਾਂਦਾ ਸੀ, ਨੂੰ ਹਿੰਦੂ ਅਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿਚ ਵੰਡ ਦੇਣ ਦਾ ਸੁਝਾਅ ਦਿੱਤਾ। ਅਮੀਰ ਮੁਸਲਮਾਨ ਇਸ ਲਈ ਪੈਸੇ ਦੇਣ ਲਈ ਤਿਆਰ ਸਨ ਜਿਸ ਨੇ ਅਜਿਹੇ ਸੁਝਾਅ ਨੂੰ ਜਨਮ ਦਿੱਤਾ। ਏਸੇ ਤਰ੍ਹਾਂ ਮਜ਼ਬੀ ਤੌਰ ’ਤੇ ਵੰਡ ਨੂੰ ਪੱਕਿਆਂ ਕਰਨ ਲਈ ਬਿਰਲੇ ਨੇ ਵੀ ਹਿੰਦੂ ਅਛੂਤ ਉਗਾਰ ਕਮੇਟੀ ਬਣਾਉਣ ਲਈ ਪੈਸੇ ਦੇਣ ਲਈ ਹੱਥ ਅੱਗੇ ਵਧਾਇਆ।

ਇਸ ਤਰ੍ਹਾਂ ਅਛੂਤਾਂ ਦੇ ਦੋਸਤਾਂ ਉਹਨਾਂ ਨੂੰ ਧਰਮ ਦੇ ਨਾਂ ’ਤੇ ਨਾ ਪਾੜਨ ਦੇ ਯਤਨ ਕਰਦੇ ਸਨ। ਅਜਿਹੀ ਬਹਿਸ ਦੇ ਸਮੇਂ ਭਗਤ ਸਿੰਘ ਨੇ “ਅਛੂਤ ਦੇ ਸਵਾਲ” ਨਾਂ ਦਾ ਲੇਖ ਲਿਖਿਆ। ਜੋ ਇਸ ਕਿਰਤੀ ਵਰਗ ਦੀ ਤਾਕਤ ਅਤੇ ਕਮਜੋਰੀ ਦਾ ਜਾਇਜਾ ਲੈ ਕੇ, ਉਹਨਾਂ ਨੂੰ ਤਰੱਕੀ ਕਰਨ ਲਈ ਠੋਸ ਸੁਝਾਅ ਦਿੰਦਾ ਹੈ। ਇਹ ਲੇਖ ਜੂਨ, 1928 ਦੇ ’ਕਿਰਤੀ’ ਵਿੱਚ ’ਵਿਦਰੋਹੀ’ ਦੇ ਕਲਮੀ ਨਾਂਮ ਹੇਠ ਛਪਿਆ ਸੀ)

**– ਸੰਪਾਦਕ #**

ਸਾਡੇ ਮੁਲਕ ਜਿੰਨੀ ਭੈੜੀ ਹਾਲਤ ਹੋਰ ਕਿਸੇ ਮੁਲਕ ਦੀ ਨਹੀਂ ਹੋਣੀ। ਇੱਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹਨ। ਇੱਕ ਬੜਾ ਭਾਰੀ ਸਵਾਲ ਅਛੂਤ ਦਾ ਸਵਾਲ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ ਤੀਹ ਕਰੋੜ ਦੀ ਅਬਾਦੀ ਵਾਲੇ ਮੁਲਕ ਵਿਚ 6 ਕਰੋੜ ਆਦਮੀ ਜੋ ਅਛੂਤ ਕਹਾਉਂਦੇ ਹਨ, ਉਹਨਾਂ ਨੂੰ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤਾਂ ਨਾ ਹੋਵੇਗਾ? ਕੀ ਉਹਨਾਂ ਨੂੰ ਮੰਦਰਾਂ ਵਿਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ? ਕੀ ਉਹਨਾਂ ਵਲੋਂ ਖੂਹ ਵਿਚੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਹੀਂ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿਚ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਸੁਣਦਿਆਂ ਹੀ ਸ਼ਰਮ ਆਉਂਦੀ ਹੈ।

ਸਾਡਾ ਮੁਲਕ ਬੜਾ ਹੀ ਅਧਿਆਤਮਵਾਦੀ ਹੈ ਯਾਨੀ ਰੂਹਾਨਿਯਤ ਪਸੰਦ ਹੈ। ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ, ਤੇ ਉਹ ਬਿਲਕੁੱਲ ਹੀ ਮਾਇਆਵਾਦੀ ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਇੱਕਮਈ ਦਾ ਸ਼ੋਰ ਮਚਾ ਰਿਹਾ ਹੈ। ਉਨਾਂ ਨੇ Equality (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫ਼ਰਾਂਸ ਦੇ ਇਨਕਲਾਬ ਵਿਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਦਾ ਭਿੰਨ ਭੇਦ ਮਿਟਾਉਣ ਦੀ ਖਾਤਰ ਇੱਕਮਈ ਦੇ ਅਸੂਲ ’ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਅਸੀਂ ਸਦਾ ਹੀ ਆਤਮਾ ਪ੍ਰਮਾਤਮਾਂ ਦੇ ਹੀ ਰੋਣੇ ਰੋਣ ਵਾਲੇ ਅੱਜ ਵੀ ਇਸ ਗੱਲ ’ਤੇ ਉੱਤੇ ਜੋਰ ਨਾਲ ਬਹਿਸਾਂ ਕਰਕੇ ਕਿ ਕੀ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸ਼ਾਸ਼ਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਅਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਦੇਸ਼ਾਂ ਵਿਚ ਸਾਡੇ ਨਾਲ ਚੰਗਾ ਸਲੂਕ ਨਹੀਂ ਹੁੰਦਾ। ਗੋਰੇਸ਼ਾਹੀ ਵਿਚ ਸਾਨੂੰ ਗੋਰੇ ਬਰਾਬਰ ਨਹੀਂ ਸਮਝਿਆ ਜਾਂਦਾ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?

ਸਿੰਧ ਦੇ ਇੱਕ ਮੁਸਲਮਾਨ ਸੱਜਣ, ਮਿ. ਨੂਰ ਮੁਹੰਮਦ, ਮੈਂਬਰ ਬੰਬਈ ਕੌਂਸਲ ਨੇ ਇਸ ਮਸਲੇ ਬਾਰੇ 1926 ਵਿਚ ਖੂਬ ਕਿਹਾ ਸੀ :-

“if the Hindu Society refuses to allow other human beings, fellow creatures so that to attend public schools, and if...[the president of local board representing so many lakhs of people in this house refuses to `allow his fellows and brothers the elementary human right of having water to drink, what right have they to ask for more rights from the bureaucracy?Before we accuse people coming from other lands, we should see how we ourselves behave toward our own people... (How can we ask for greater political rights when we ourselves deny elementary rights of human beings)”

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇੱਕ ਇਨਸਾਨ ਨੂੰ ਪੀਣ ਵਾਲਾ ਪਾਣੀ ਦੇਣ ਤੋਂ ਵੀ ਇਨਕਾਰੀ ਹੋ ਜਾਂ, ਜਦੋਂ ਤੁਸੀਂ ਉਨਾਂ ਨੂੰ ਮਦਰਸੇ ਵਿਚ ਪੜ੍ਹਨ ਵੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਬਣਦਾ ਹੈ ਕਿ ਆਪਣੇ ਵਾਸਤੇ ਹੋਰ ਹੱਕੂਕ (ਹੱਕ) ਮੰਗੋ? ਜਦੋਂ ਤੁਸੀਂ ਇੱਕ ਇਨਸਾਨ ਦੇ ਸਾਧਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ, ਤਾਂ ਤੁਸੀਂ ਹੋਰ ਪੁਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿਵੇਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਚੂੰਕਿ ਇੱਕ ਮੁਸਲਮਾਨ ਨੇ ਇਹ ਗੱਲ ਕਹੀ ਹੈ, ਇਸ ਵਾਸਤੇ ਹਿੰਦੂ ਇਹ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਰਲਾਉਣਾ ਚਾਹੁੰਦੇ ਹਨ। ਉਹਨਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀ ਉਹਨਾਂ ਨੂੰ ਇਸ ਤਰਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਾਰਿਆ ਸਮਝੋਗੇ ਤੇ ਉਹ ਜਰੂਰ ਹੀ ਦੂਜੇ ਮਜ਼ਬਾਂ ਵਿੱਚ ਸ਼ਾਮਲ ਹੋਣਗੇ। ਜਿਨ੍ਹਾਂ ਵਿੱਚ ਉਨਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿੱਥੇ ਕਿ ਉਹਨਾਂ ਨਾਲ ਆਦਮੀਆਂ ਵਰਗਾ ਸਲੂਕ ਕੀਤਾ ਜਾਵੇਗਾ। ਫਿਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਅਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਫਜ਼ੂਲ ਹੋਵੇਗਾ।

ਕਿੰਨੀ ਸੱਚੀ ਗੱਲ ਹੈ, ਪਰ ਇਹ ਸੁਣ ਕੇ ਸਾਰੇ ਤੜਪ ਉਠੰਦੇ ਹਨ। ਖੈਰ ! ਠੀਕ ਏਸੇ ਗੱਲ ਦਾ ਫਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਤ ਵੀ ਇਸ ਮਸਲੇ ’ਤੇ ਸੋਚਾਣ ਲੱਗੇ। ਵਿਚ-ਵਿਚ ਵੱਡੇ “ਯੁੱਗ ਪਲਟਾਊ’ ਕਹਾਉਣ ਵਾਲੇ ਵੀ ਸ਼ਾਮਿਲ ਹੋਏ। ਪਟਨਾ ਵਿਚ ਹਿੰਦੂ ਮਹਾਂਸਭਾ ਹੋਈ। ਲਾਲਾ ਲਾਜਪਾਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਮਾਇਤੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਨਾਂ ਨੂੰ ਵੇਦ ਸ਼ਾਸਤਰ ਪੜ੍ਹਨ ਦਾ ਹੱਕ ਹੈ? ਬੜੇ-ਬੜੇ Reformer (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਾਰਿਆਂ ਨੂੰ ਸਮਝਾ ਲਿਆ ਅਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ। ਨਹੀਂ ਤਾਂ ਕਿੱਥੇ ਠਿਕਾਣਾ ਸੀ, ਜਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿਚ ਬੈਠ ਸਕਦਾ ਹੈ, ਸਾਡੇ ਚੌਂਕੇ ਵਿੱਚ ਨਿਸ਼ੰਗ ਫਿਰ ਸਕਦਾ ਹੈ, ਪਰ ਇੱਕ ਪਰ ਇੱਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤਾਂ ਪੰਡਤ ਮਾਲਵੀਆ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬਹੁਤ ਬੜੇ ਪ੍ਰੇਮੀ ਤੇ ਹੋਰ ਵੀ ਨਾ ਜਾਣੇ ਕੀ- ਪਹਿਲੋਂ ਇੱਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿੱਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆ ਬਿਨ੍ਹਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖੂਬ ਇਹ ਚਾਲ ਹੈ ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉੱਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ Equality ਜਾਂ ਬਰਾਬਰੀ ਦੇ ਨਾਮ ’ਤੇ ਝਗੜਦੇ ਚੰਗੇ ਲੱਗਦੇ ਹਾਂ? ਫਿਰ ਸਾਡੇ ਰਵੱਈਏ ਵਿਚ ਕ੍ਰਿਤਘਣਤਾ ਦੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ, ਉਨਾਂ ਨੂੰ ਹੀ ਅਸੀਂ ਪਰੇ-ਪਰੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ, ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ ?

ਅੱਜ ਇਸ ਸਵਾਲ ’ਤੇ ਬਹੁਤ ਸ਼ੋਰ ਹੋ ਰਿਹਾ ਹੈ: ਉਨਾਂ ਵਿਚਾਰਿਆਂ ਵੱਲ ਅੱਜ-ਕੱਲ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿਚ ਫਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ। ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਹਨਾਂ ਅਛੂਤਾਂ ਨੂੰ ਮੁਸਲਮਾਨ ਬਣਾ-ਬਣਾ ਕੇ ਆਪਣੇ ਬਰਾਬਰ ਦੇ ਇਨਸਾਨ ਬਣਾ ਕੇ ਉਨਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿਦ ਵਧੀ। ਫ਼ਸਾਦ ਵੀ ਹੋਏ। ਖ਼ੈਰ! ਹੌਲੀ-ਹੌਲੀ ਸਿੱਖਾਂ ਵਿੱਚ ਵੀ ਖਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ। ਉਨਾਂ ਵੀ ਅੰਮ੍ਰਿਤ ’ਛਕਾਉਣਾ’ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਵਾਉਣ ਦੇ ਸਵਾਲਾਂ ’ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਹਨਾਂ ਨੂੰ ਆਪਣੇ ਆਪਣੇ ਵੱਲ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਓਧਰ ਈਸਾਈ ਚੁੱਪ-ਚਾਪ ਉਨਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲ ਚਲ ਨਾਲ ਹਿੰਦੋਸਤਾਨ ਦੀ ਲਾਹਨਤ ਦੂਰ ਹੋ ਰਹੀ ਹੈ।

ਇਧਰ ਜਦ ਅਛੂਤਾਂ ਨੇ ਦੇਖਿਆ ਕੀ ਸਾਡੀ ਖਾਤਰ ਇਨਾਂ ਵਿੱਚ ਫ਼ਸਾਦ ਹੋ ਰਿਹਾ ਹੈ ਅਤੇ ਹਰ ਕੋਈ ਸਾਨੂੰ ਹਰ ਕੋਈ ਆਪਣੀ ਆਪਣੀ ਖ਼ੁਰਾਕ ਸਮਝ ਰਿਹਾ ਹੈ, ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸੇ ਖਿਆਲ ਨੂੰ ਸ਼ੁਰੂ ਕਰਨ ਵਿੱਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਏਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿਚ ਸਰਕਾਰੀ ਆਦਮੀਆਂ ਦਾ ਵੀ ਕਾਫੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ।

ਹੁਣ ਇੱਕ ਸਵਾਲ ਹੋਰ ਉੱਠਦਾ ਹੈ ਕਿ ਇਸ ਮਸਲੇ ਦਾ ਠੀਕ-ਠੀਕ ਹੱਲ ਕੀ ਹੈ? ਇਸ ਦਾ ਜਵਾਬ ਬੜਾ ਸੈਹਲ ਹੈ। ਸਭ ਤੋਂ ਪਹਿਲਾਂ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨੀ ਚੂੰਕਿ ਇੱਕ ਆਦਮੀ ਗਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ ਕਰੇਗਾ ਅਤੇ ਦੁਨੀਆਂ ਵਿਚ ਕਿਸੇ ਕਿਸਮ ਦੀ ਤਰੱਕੀ ਦਾ ਉਸਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਹਨਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਹਨਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਵਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫਿਕਰ ਪਿਆ ਕਿ ਇਹ ਬਗਾਵਤ ਨਾ ਕਰ ਦੇਣ, ਤਦੋਂ ਪੁਨਰ-ਜਨਮ ਦੀ ਫਿਲਾਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਕਰੋ। ਇਸ ਤਰਾਂ ਉਹਨਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਵਾ ਗਏ। ਪਰ ਉਹਨਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮ-ਵਿਸ਼ਵਾਸ਼, ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ। ਬੜਾ ਜ਼ੁਲਮ ਤੇ ਕਹਿਰ ਕਮਾਇਆ। ਖੈਰ, ਅੱਜ ਉਹਦੇ ਪਰਾਸ਼ਚਿਤ ਦਾ ਵੇਲਾ ਹੈ।

ਇਸੇ ਦੇ ਨਾਲ ਹੀ ਇੱਕ ਹੋਰ ਖਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿੱਚ ਜ਼ਰੂਰੀ ਕੰਮਾਂ ਵਾਸਤੇ ਘਿਰਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰੇ ਦੁਰਕਾਰ ਦਿੱਤਾ ਅਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ.ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ, ਜਿਸ ਨਾਲ ਸਾਡੀ ਤਰੱਕੀ ਵਿਚ ਬੜੀ ਰੁਕਾਵਟ ਪੈਂਦੀ ਹੈ।

ਇਨਾਂ ਗੱਲਾਂ ਨੂੰ ਸਾਹਮਣੇ ਰੱਖਦੇ ਹੋਏ ਅਸੀ ਅੱਗਾਂਹ ਵਧੀਏ। ਇਹਨਾਂ ਨੂੰ ਅਛੂਤ ਨਾ ਕਹੀਏ ਤੇ ਨਾ ਹੀ ਸਮਝੀਏ। ਬਸ, ਮੁਆਮਲਾ ਸਾਫ ਹੋ ਜਾਂਦਾ ਹੈ। ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨਾਂ ਭਰਾਵਾਂ ਨੂੰ ਅੱਜ ਤੀਕ ਅਛੂਤ-ਅਛੂਤ ਕਿਹਾ ਕਰਦੇ ਸਾਂ, ਉਨਾਂ ਕੋਲੋਂ ਇਸ ਪਾਪ ਵਾਸਤੇ ਖਿਮਾਂ ਮੰਗਣੀ ਅਤੇ ਉਨਾਂ ਨੂੰ ਆਪਣੇ ਵਰਗਾ ਆਦਮੀ ਸਮਝਣਾਂ, ਬਿਨਾਂ ਅਮ੍ਰਿਤ ਛਕਾਇਆਂ, ਕਲਮਾਂ ਪੜਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਹਨੂੰ ਆਪਣੇ ਵਿਚ ਰਲ੍ਹਾ ਲੈਣਾ, ਉਹਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿੱਚ ਖਿੱਚਧੂਹੀ ਕਰਨੀ ਅਤੇ ਅਮਲ ਵਿਚ ਕੋਈ ਵੀ ਹੱਕ ਨਾ ਦੇਣਾ, ਕੋਈ ਠੀਕ ਗੱਲ ਨਹੀਂ ਹੈ।

ਜਦੋਂ ਪਿੰਡਾਂ ਵਿਚ ਕਿਰਤੀ ਪ੍ਰਚਾਰ ਸ਼ੁਰੂ ਹੋਇਆ, ਉਦੋਂ ਜੱਟਾਂ ਨੂੰ ਸਰਕਾਰੀ ਆਦਮੀ ਇਹ ਗੱਲ ਸਮਝਾ ਕੇ ਭੜਕਾਉਂਦੇ ਸਨ ਕਿ ਦੇਖੋਂ ਇਹ ਚੂਹੜਿਆਂ ਚੱਪੜੀਆਂ ਨੂੰ ਸਿਰ ’ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ। ਬਸ, ਜੱਟ ਏਨੇ ਵਿੱਚ ਹੀ ਭੂਤ ਪਏ। ਉਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਹਾਲਤ ਓਨਾਂ ਚਿਰ ਨਹੀਂ ਸੁਧਰ ਸਕਦੀ ਜਿਨਾਂ ਚਿਰ ਕਿ ਉਹ ਇਨਾਂ ਗ਼ਰੀਬਾਂ ਨੂੰ ਕਮੀਣ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ। ਕਿਹਾ ਜਾਂਦਾ ਕਿ ਉਹ ਸਾਫ ਨਹੀਂ ਰਹਿੰਦੇ? ਇਸਦਾ ਜਵਾਬ ਸਾਫ ਹੈ, ਉਹ ਗਰੀਬ ਹਨ। ਗ਼ਰੀਬੀ ਦਾ ਇਲਾਜ਼ ਕਰੋ। ਉੱਚੀਆਂ-ਉੱਚੀਆਂ ਕੁਲਾਂ ਦੇ ਗ਼ਰੀਬ ਲੋਕੀ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ।

ਪਰ ਇਹ ਕੰਮ ਉਨ੍ਹਾਂ ਚਿਰ ਨਹੀਂ ਹੋ ਸਕਦਾ, ਜਦੋਂ ਤੱਕ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਿਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨਾਂ ਦਾ ਆਪਣੇ ਆਪ ਨੂੰ ਵੱਖਰਾ ਜੱਥਬੰਦ ਕਰਨਾਂ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿਚ ਹੋਣ ਕਰਕੇ ਉਹਨਾਂ ਦੇ ਬਰਾਬਰ ਦੇ ਹੱਕ-ਹਕੂਕ ਮੰਗਣਾ ਬੜੀ ਆਸ਼ਾਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਂਬੁਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨਾਂ ਦੇ ਵੱਖਰੇ ਹਕੂਕ ਉਨਾਂ ਨੂੰ ਦੇਵੋ। ਕੌਂਸਲਾਂ ਅਤੇ ਅਸੈਂਬਲੀਆਂ ਦਾ ਫ਼ਰਜ਼ ਹੈ ਕਿ ਸਕੂਲ, ਕਾਲਜ, ਖੂਹ ਅਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਅਜਾਦੀ ਇਹਨਾਂ ਨੂੰ ਦੁਵਾਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲਿਜਾ ਕੇ ਉਨਾਂ ਨੂੰ ਖੂਹਾਂ ਉੱਤੇ ਚੜਾਉਣ, ਨਾਲ ਲੈ ਜਾ ਕੇ ਉਨਾਂ ਦੇ ਬੱਚਿਆਂ ਨੂੰ ਮਦਰੱਸਿਆਂ ਵਿਚ ਭਰਤੀ ਕਰਵਾਉਣ। ਪਰ, ਜਿਸ ਲੈਜੀਸਲੇਟਿਵ ਵਿੱਚ ਛੋਟੀ ਉਮਰ ਵਿਚ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ ’ਤੇ ਮੱਜ਼ਹਬ ਦੇ ਬਹਾਨੇ ਲੈ ਕੇ ਹਾਏ-ਤੌਬਾ ਮਚਾ ਦਿੱਤੀ ਜਾਂਦੀ ਹੈ, ਉਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰਾਂ ਕਰ ਸਕਦੇ ਹਨ।

ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਉਨਾਂ ਦੇ ਆਪਣੇ ਨੁਮਾਇੰਦੇ ਕਿਉਂ ਨਾ ਹੋਣ? ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉਠੋ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਸਭ ਕੁਝ ਕਰ ਸਕਿਆ, ਜਿਸ ਨਾਲ ਕਿ ਅੱਜ ਉਸਦਾ ਨਾਂ ਅੱਜ ਤੱਕ ਜਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ, ਕੌਮ ਦੇ ਸੁੱਖ ਵਿਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਿਨ ਬਣਾ ਕੇ ਇੱਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕ ਨਹੀਂ ਸਮਝਦੇ। (Land Alienation Act) ਇੰਤਕਾਲੇ- ਇਰਾਜ਼ੀ ਐਕਟ ਦੇ ਮੁਤਾਬਿਕ ਤੁਸੀਂ ਪੈਸੇ ਇੱਕਠ ਕਰਕੇ ਵੀ ਜ਼ਮੀਨ ਨਹੀਂ ਖਰੀਦ ਸਕਦੇ। ਤੁਹਾਡੇ ’ਤੇ ਏਨਾਂ ਜ਼ੁਲਮ ਹੋ ਰਿਹਾ ਹੈ ਕਿ ਅਮਰੀਕਾ ਦੀ ਮਿਸ ਮੇਯੋ, (less than men) ਮਨੁੱਖਾਂ ਨਾਲੋਂ ਬਹੁਤ ਹੇਠਾਂ ਕਹਿੰਦੀ ਹੈ। ਉੱਠੋ! ਆਪਣੀ ਤਾਕਤ ਪਛਾਣੋ। ਜਥੇਬੰਦ ਹੋ ਜਾਓ। ਅਸਲ ਵਿਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (Those who would be free must themselves strike the blow) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਜਤਨ ਕਰਨਾ ਚਾਹੀਦਾ ਹੈ।

ਮਨੁੱਖ ਦੀ ਹੌਲੀ-ਹੌਲੀ ਕੁੱਝ ਇਹੋ ਜਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ, ਪਰ ਜਿਨਾਂ ’ਤੇ ਉਹਦਾ ਆਪਣਾ ਦਬਦਬਾ ਹੋਵੇ, ਉਨਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ’ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ’। ਜਥੇਬੰਦ ਹੋ ਕੇ ਹੋ ਕੇ ਆਪਣੇ ਪੈਰਾਂ ’ਤੇ ਖਲ੍ਹੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫਿਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਅਰਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ। ਪਰ ਖਿਅਲ ਰੱਖਣਾ। ਨੌਕਰਸ਼ਾਹੀ ਦੇ ਝਾਂਸੇ ਵਿਚ ਵੀ ਨਾ ਆਉਣਾ। ਇਹ ਤੁਹਾਡੀ ਮਦਦ ਨਹੀਂ ਕਰਨਾ ਚਾਹੁੰਦੀ। ਬਲਕਿ ਤੁਹਾਨੂੰ ਆਪਣਾ ਟੂਲ (ਸੰਦ) ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰ ਨੌਕਰਸ਼ਾਹੀ ਤੁਹਾਡੀ ਗੁਲਾਮੀ ਅਤੇ ਗ਼ਰੀਬੀ ਦਾ ਮੁੱਖ ਕਾਰਨ ਹੈ। ਇਸ ਕਰੇ ਉਸ ਨਾਲ ਤੁਸੀਂ ਨਾ ਮਿਲਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ! ਫਿਰ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉਠੋ! ਅਤੇ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੋਲੀ-ਹੋਲੀ ਸੁਧਾਰ ਅਤੇ ਰੀਫਾਰਮਾਂ ਨਾਲ ਕੁਝ ਨਹੀਂ ਬਣ ਸਕਦਾ। ਸਮਾਜਕ (Social) ਐਜੀਟੇਸ਼ਨ/ ਇਨਕਲਾਬ ਪੈਦਾ ਕਰ ਦਿਓ ਅਤੇ ਪਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ। ਉਠੋ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ, ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ!

*# (ਭਗਤ ਸਿੰਘ ਵਲੋਂ ਜੂਨ 1928 ਦੇ ’ਕਿਰਤੀ’ ਰਸਾਲੇ ਵਿਚ ਵਿਦਰੋਹੀ ਦੇ ਕਲਮੀ ਨਾਮ ਹੇਠ ਲਿਖਿਆ ਗਿਆ ਲੇਖ)*

*# ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ ਕਿਤਾਬ ਵਿੱਚੋਂ ਧੰਨਵਾਦ ਸਹਿਤ ਲਿਆ ਗਿਆ ਲੇਖ*

# ਅਮਰੀਕੀ ਕਾਲਿਆਂ ਦੇ ਕੋਲ ਖੁਦ ਦੇ ਬੈਂਕ, ਕੰਪਨੀਆਂ, ਰੇਡੀਓ ਅਤੇ ਅਖਬਾਰ ਹਨ

## ਆਪਣੇ ਲਈ ਅਲੱਗ ਬੈਂਕ ਬਣਾਉਣ ਦਲਿਤ



ਚੰਦਰਭਾਨ ਪ੍ਰਸਾਦ

ਅੱਜ ਅਮਰੀਕਾ ਵਿਚ ਕਾਲਿਆਂ ਦੀ ਮਾਲਕੀ ਵਾਲੇ 21 ਬੈਂਕ ਹਨ, ਜਿਹਨਾਂ ਦੀ ਸਾਂਝੀ ਪੂੰਜੀ 4.7 ਅਰਬ ਡਾਲਰ ਹੈ, ਯਾਨਿ ਲੱਗਭੱਗ 330 ਅਰਬ ਰੁਪਏ। ਕਾਲਿਆਂ ਦੀ ਮਾਲਕੀ ਦੀਆਂ ਬਹੁਤ ਕ੍ਰੈਡਿਟ ਯੂਨੀਅਨਾਂ ਹਨ, ਕਾਲਿਆਂ ਦੀ ਮਾਲਕੀ ਵਾਲੀਆਂ ਇੰਸ਼ੋਰੈਂਸ ਕੰਪਨੀਆਂ ਹਨ ਅਤੇ ਅਨੇਕਾਂ ਵਿੱਤੀ ਸੰਸਥਾਵਾਂ ਸਨ। ਦਲਿਤ ਬੌਧਿਕ ਪ੍ਰੰਪਰਾ ਵਿਚ ਅਮਰੀਕਾ ਅਤੇ ਅਮਰੀਕੀ ਕਾਲਿਆਂ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਸਾਲ 1918 ਵਿਚ ਆਪਣੇ ਪਹਿਲੇ ਮਹਾਨ ਗ੍ਰੰਥ 'ਸਮਾਲ ਹੋਲਡਿੰਗਸ' ਵਿਚ ਡਾ. ਅੰਬੇਡਕਰ ਅਮਰੀਕੀ ਖੇਤੀ ਵਿਵਸਥਾ ਦੀ ਉਦਾਹਰਣ ਦਿੰਦੇ ਹਨ ਅਤੇ ਭਾਰਤੀ ਖੇਤੀ ਵਿਵਸਥਾ ਨੂੰ ਵੀ ਉਥੇ ਉਦਯੋਗਿਕ ਸਰੂਪ ਦਿੱਤੇ ਜਾਣ ਦੀ ਵਕਾਲਤ ਕਰਦੇ ਹਨ। ਉਹਨਾਂ ਨੇ ਆਪਣੀ ਰਾਜਨੀਤਿਕ ਪਾਰਟੀ 'ਰਿਪਬਲਿਕਨ ਪਾਰਟੀ ਆਫ ਇੰਡੀਆ' ਦਾ ਨਾਂ ਵੀ ਦਾ ਪ੍ਰਥਾ ਖਤਮ ਕਰਨ ਵਾਲੇ ਅਮਰੀਕੀ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੀ ਰਿਪਬਲਿਕਨ ਪਾਰਟੀ ਦੇ ਨਾਂ 'ਤੇ ਕੀਤੇ। ਡਾ. ਅੰਬੇਡਕਰ ਦੇ ਬਾਅਦ ਦਾ ਦਲਿਤ ਅੰਦੋਲਨ ਵੀ ਅਮਰੀਕੀ ਕਾਲਿਆਂ ਦੇ ਅੰਦੋਲਨ ਤੋਂ ਪ੍ਰਭਾਵਿਤ ਰਿਹਾ ਹੈ। ਮਈ 1971 ਵਿਚ ਸ਼ੁਰੂ ਹੋਇਆ ਦਲਿਤ ਪੈਂਥਰ ਅੰਦੋਲਨ ਸਾਲ 1966 ਵਿਚ ਅਮਰੀਕਾ ਵਿਚ ਉਭਰੇ ਬਲੈਕ ਪੈਂਥਰਸ ਅੰਦੋਲਨ ਤੋਂ ਪ੍ਰਭਾਵਿਤ ਸੀ।

ਭਾਰਤ ਵਿਚ ਦਲਿਤ ਕੈਪੀਟੀਲਿਜ਼ਮ ਅੰਦੋਲਨ 1960 ਦੇ ਦਹਾਕੇ ਦੇ ਅਮਰੀਕੀ ਬਲੈਕ ਕੈਪੀਟਲਿਜ਼ਮ ਤੋਂ ਪ੍ਰੇਰਿਤ ਹੈ। ਦਲਿਤ ਬੈਂਕ ਦਾ ਮੁੱਦਾ ਵੀ ਅਮਰੀਕੀ ਕਾਲਿਆਂ ਦੀ ਮਾਲਕੀ ਦੇ ਬੈਂਕਾਂ ਤੋਂ ਪ੍ਰੇਰਿਤ ਹੈ। ਅਮਰੀਕਾ ਵਿਚ ਦਾਸ ਪ੍ਰਥਾ ਦੇ ਅੰਤ ਦੇ ਸਿਰਫ 25 ਸਾਲ ਬਾਅਦ ਹੀ 1886 ਵਿਚ ਇਕ ਸਾਬਕਾ ਦਾਸ ਨੇ 'ਗ੍ਰੈਂਡ ਫਾਉਂਟੇਨ' ਨਾਂ ਦਾ ਪਹਿਲਾ ਕਾਲਿਆਂ ਦਾ ਬੈਂਕ ਸਥਾਪਤ ਕੀਤਾ। 1900 ਵਿਚ ਇਕ ਸਾਬਕਾ ਕਾਲੇ ਦਾਸ ਬੁੱਕਰ ਟੀ. ਵਾਸ਼ਿੰਗਟਨ ਨੇ ਪਹਿਲਾ 'ਨੈਸ਼ਨਲ ਨੀਗਰੋ ਬਿਜਨਸ ਲੀਗ' ਦੀ ਸਥਾਪਨਾ ਕੀਤੀ, ਜਿਸਦਾ ਉਦੇਸ਼ ਸੀ ਕਾਲਿਆਂ ਵਿਚ ਆਰਥਿਕ ਤਾਕਤ ਖੜ੍ਹੀ ਕਰਨਾ। ਇਸੇ ਸਮੇਂ ਇਕ ਕਾਲੀ ਔਰਤ ਮੈਡਮ ਸੀ. ਜੀ. ਵਾਕਰ ਨੇ ਪਹਿਲਾ ਕਾਲਿਆਂ ਦਾ ਬ੍ਰਾਂਡ ਮਾਰਕੀਟ ਵਿਚ ਲਾਂਚ ਕਰ ਦਿੱਤਾ। ਨੈਸ਼ਨਲ ਨੀਗਰੋ ਬਿਜਨਸ ਲੀਗ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਕਾਲੇ ਨੌਜਵਾਨਾਂ ਨੇ ਬਿਜਨਸ ਵਿਚ ਆਪਣਾ ਕੈਰੀਅਰ ਆਰੰਭ ਕਰ ਦਿੱਤਾ। ਸਾਲ 1949 ਵਿਚ ਪਹਿਲੇ ਕਾਲੇ ਵਿਅਕਤੀ ਵਾਲ ਸਟ੍ਰੀਟ 'ਤੇ ਇਕ ਸੇਲਜ਼ਮੈਨ ਦੇ ਰੂਪ ਵਿਚ ਰਜਿਸਟਰਡ ਹੋਇਆ। 1952 ਵਿਚ ਪਹਿਲੀ ਕਾਲਿਆਂ ਦੀ ਸਕਿਊਰਟੀਜ਼ ਫਰਮ ਨੂੰ ਨੈਸ਼ਨਲ ਐਸੋਸੀਏਸ਼ਨ ਆਫ ਸਕਿਊਰਟੀਜ਼ ਡੀਲਰਯ ਦੁਆਰਾ ਸ਼ੇਅਰ ਟ੍ਰੇਡਿੰਗ ਦਾ ਲਾਇਸੈਂਸ ਮਿਲਿਆ।

ਸਾਲ 1960 ਵਿਚ ਪਹਿਲੀ ਵਾਰ ਇਕ ਕਾਲਿਆਂ ਦੀ ਕੰਪਨੀ ਵਾਲ ਸਟ੍ਰੀਟ 'ਤੇ ਰਜਿਸਟਰਡ ਹੋਈ। ਅੱਜ ਬਹੁਤ ਸਾਰੇ ਕਾਲੇ ਮੂਲ ਦੇ ਲੋਕੀ ਵਾਲ ਸਟ੍ਰੀਟ ਵਿਚ ਨਿਵੇਸ਼ ਬੈਂਕਰਸ, ਫਾਈਨੈਂਸ਼ੀਅਲ, ਅਨਾਲਿਸਟ, ਟ੍ਰੇਡਰਸ, ਫੰਡ ਮੈਨੇਜਰਸ ਅਤੇ



ਵੈਂਚਰ ਕੈਪੀਟੀਲਿਸ਼ਮ ਦੇ ਰੂਪ ਵਿਚ ਕੰਮ ਕਰਦੇ ਹਨ। ਸਾਲ 1991 ਵਿਚ ਪਹਿਲੀ ਕਾਲਿਆਂ ਦੀ ਕੰਪਨੀ 'ਬਲੈਕ ਐਂਟਰਟੇਨਮੈਂਟ ਟੈਲੀਵਿਜ਼ਨ' ਨਿਊਯਾਰਕ ਸਟਾਕ ਐਕਸਚੇਂਜ 'ਤੇ ਟ੍ਰੇਡਿੰਗ ਦੇ ਲਈ ਰਜਿਸਟਰਡ ਹੋ ਗਈ। ਫੋਰਬਸ ਮੈਗਜ਼ੀਨ ਨੇ ਸਾਲ 2001 ਵਿਚ ਬਲੈਕ ਐਂਟਰਟੇਨਮੈਂਟ ਟੈਲੀਵਿਜ਼ਨ ਦੇ ਸੰਸਥਾਪਕ ਰਾਬਰਟ ਐਲ. ਜਾਨਸਨ ਪਹਿਲੇ ਕਾਲੇ ਅਰਬਪਤੀ ਬਣੇ। ਹਾਲਾਂਕਿ ਤਲਾਕ ਦੇ ਕਾਰਨ ਉਹਨਾਂ ਨੇ ਅਰਬਪਤੀ ਦਾ ਤਾਜ ਗੁਆ ਦਿੱਤਾ। ਪਰ ਤਿੰਨ ਨਵੇਂ ਕਾਲੇ ਅਰਬਪਤੀ ਮੈਡਮ ਓਪ੍ਰਾ ਵਿਨਫਰੇ, ਮਾਈਕਲ ਜਾਰਡਨ ਅਤੇ ਰਾਬਰਟ ਸਮਿੱਥ ਕਾਲਿਆਂ ਦੀ ਸ਼ਾਨ ਵਧਾ ਰਹੇ ਹਨ। ਦਰਅਸਲ ਦੋ ਕਿਸਮ ਦੀਆਂ ਸੰਸਥਾਵਾਂ ਨੇ ਅਮਰੀਕਨ ਕਾਲਿਆਂ ਦੀ ਤਸਵੀਰ ਬਦਲ ਦਿੱਤੀ। ਨੀਪ੍ਰੋ ਬਿਜਨਸ ਲੀਗ ਨੇ ਕਾਲਿਆਂ ਵਿਚ ਬਿਜਨਸ ਨੂੰ ਲੋਕਪ੍ਰਿਆ ਬਣਾਇਆ, ਜਦਕਿ ਕਾਲਿਆਂ ਦੀ ਮਾਲਕੀ ਦੇ ਬੈਂਕਾਂ ਨੇ ਕਾਲਿਆਂ ਵਿਚਕਾਰ ਧੰਨ ਜੋੜਨ ਦੀ ਇਕ ਨਵੀਂ ਸੰਸਕ੍ਰਿਤੀ ਪੈਦਾ ਕੀਤੀ। ਆਸਾਨ ਸ਼ਰਤਾਂ ਅਤੇ ਘੱਟ ਵਿਆਜ ਦਰਾਂ 'ਤੇ ਕਰਜਾ ਉਪਲਬਧ ਕਰਵਾ ਕੇ ਕਾਲਿਆਂ ਦੇ ਬੈਂਕਾਂ ਨੇ ਨੌਜਵਾਨਾਂ ਵਿਚ ਕਾਰੋਬਾਰ ਆਰੰਭ ਕਰਨ ਲਈ ਉਤਸ਼ਾਹ ਪੈਦਾ ਕੀਤਾ।

ਕਾਲਿਆਂ ਦੇ ਬੈਂਕਾਂ ਦੀ ਸਥਾਪਨਾ ਦੇ ਕਾਰਨ ਸਮੁੱਚੇ ਅਮਰੀਕੀ ਕਾਲਿਆਂ ਦੇ ਭਾਈਚਾਰੇ ਵਿਚ ਇਕ ਨਵਾਂ ਆਤਮ ਵਿਸ਼ਵਾਸ ਪੈਦਾ ਹੋਇਆ। ਹਾਲੇ ਵੀ ਬਹੁਤ ਸਾਰੇ ਕਾਲੇ ਗਰੀਬ ਹਨ ਅਤੇ ਨਸਲੀ ਭੇਦਪਾਵ ਦਾ ਸ਼ਿਕਾਰ ਹੁੰਦੇ ਹਨ ਪਰ ਕੁੱਲ ਮਿਲਾ ਕੇ ਅਮਰੀਕੀ ਕਾਲੇ ਅੱਜ ਇਕ ਵੱਡੀ ਆਰਥਿਕ ਤਾਕਤ ਬਣ ਚੁੱਕੇ ਹਨ। ਅਮਰੀਕਾ ਦੇ ਮੰਨੇ-ਪ੍ਰਮੰਨੇ ਕਾਲਿਆਂ ਦੇ ਲੇਖਕ ਅਤੇ ਰੇਡੀਓ ਹੋਸਟ ਲੋਰੀ ਐਲਡਰ ਦੇ ਮੁਤਾਬਕ ਜੇਕਰ ਅਮਰੀਕੀ ਕਾਲੇ ਇਕ ਦੇਸ਼ ਹੁੰਦੇ ਤਾਂ ਜੀ. ਡੀ. ਪੀ. ਦੇ ਮਾਮਲੇ ਵਿਚ ਦੁਨੀਆਂ ਦਾ ਪੰਦਰਵਾਂ ਸਭ ਤੋਂ ਅਮੀਰ ਮੁਲਕ ਹੁੰਦਾ। ਉਹਨਾਂ ਨੇ 2014 ਵਿਚ ਕਾਲਿਆਂ ਦੀ ਸਾਲਾਨਾ ਆਮਦਨ 836 ਅਰਬ ਡਾਲਰ ਦੱਸੀ। ਇਕ ਹੋਰ ਸੰਸਥਾ ਸੀਲਿੰਗ ਸੈਂਟਰ ਦੇ ਮੁਤਾਬਕ ਕਾਲਿਆਂ ਦੀ ਸਾਲਾਨਾ ਆਮਦਨ 1000 ਅਰਬ ਡਾਲਰ ਹੈ। ਵਰਣਨਯੋਗ ਹੈ ਕਿ ਕਾਲੇ ਅਮਰੀਕਾ ਦੀ ਅਬਾਦੀ ਦਾ ਸਿਰਫ 12.5 ਫੀਸਦੀ ਹਨ, ਯਾਨਿ ਚਾਰ ਕਰੋੜ ਤੋਂ ਵੀ ਘੱਟ। ਪੈਸਾ ਆਉਣ ਦੇ ਨਾਲ ਹੀ ਕਾਲੇ ਸਮਾਜ ਦੇ ਕੋਲ ਆਪਣੇ ਅਖਬਾਰ, ਮੈਗਜ਼ੀਨ, ਰੇਡੀਓ ਸਟੇਸ਼ਨ, ਨਿਊਜ਼ ਚੈਨਲ ਆਦਿ ਸਭ ਆ ਗਏ ਹਨ। ਗੀਤ, ਸੰਗੀਤ, ਫਿਲਮ, ਕਲਾ, ਖੇਡਾਂ, ਫੌਜ, ਕਾਨੂੰਨ, ਵਿਗਿਆਨ, ਰਾਜਨੀਤੀ ਹਰ ਖੇਤਰ ਵਿਚ ਕਾਲਿਆਂ ਦੇ ਸਮਾਜ ਨੇ ਆਪਣੀ ਜਗ੍ਹਾ ਬਣਾਈ ਹੈ। ਬਰਾਕ ਓਬਾਮਾ ਦਾ ਰਾਸ਼ਟਰਪਤੀ ਬਣਨਾ ਕਾਲਿਆਂ ਦੇ ਸਮਾਜ ਦੀ ਤਰੱਕੀ ਦਾ ਇਕ ਪ੍ਰਤੀਕ ਹੈ। ਹੁਣ ਭਾਰਤ ਵਿਚ ਦਲਿਤਾਂ ਨੂੰ ਦੇਖ ਲਓ। 20 ਕਰੋੜ ਦੀ ਆਬਾਦੀ ਵਾਲੇ ਦਲਿਤ ਸਮਾਜ ਤੋਂ ਵਿਧਾਇਕ, ਸਾਂਸਦ, ਕੈਬਨਿਟ ਮੰਤਰੀ ਇੱਥੋਂ ਤੱਕ ਕਿ ਮੁੱਖ ਮੰਤਰੀ ਅਤੇ ਰਾਸ਼ਟਰਪਤੀ ਤੱਕ ਹਨ। ਡਾਕਟਰ, ਇੰਜੀਨੀਅਰ, ਕਾਰਪੋਰੇਟ ਪ੍ਰੋਫੈਸ਼ਨਲ ਅਤੇ ਉਦਮੀ ਤਾਂ ਹਨ ਹੀ। ਪਰ ਇਹਨਾਂ ਦੇ ਪੈਸਿਆਂ ਦਾ ਕੀ ਹੁੰਦਾ ਹੈ? ਆਖਿਰ ਦੇਸ਼ ਵਿਚ ਇਕ ਵੀ ਦਲਿਤ ਬੈਂਕ ਕਿਉਂ ਨਹੀਂ ਹੈ? ਦਲਿਤ ਇੰਸ਼ੋਰੈਂਸ ਕੰਪਨੀ ਕਿਉਂ ਨਹੀਂ ਹੈ? ਅਮਰੀਕੀ ਕਾਲਿਆਂ ਨੇ ਆਪਣੀ ਕਮਾਈ ਨੂੰ ਅਨੁਸ਼ਾਸਨ ਵਿਚ ਬੰਨ੍ਹਿਆ ਅਤੇ ਕਈ ਕਿਸਮ ਦੇ ਉਦਮ ਸਥਾਪਤ ਕੀਤੇ। ਕਿਉਂਕਿ ਇਹਨਾਂ ਦਾ ਧਨ ਸਹੀ ਤਰੀਕੇ ਨਾਲ ਵਰਤਿਆ ਗਿਆ, ਇਸ ਕਰਕੇ ਇਹਨਾਂ ਦੇ ਆਪਣੇ ਅਖਬਾਰ, ਰੇਡੀਓ ਸਟੇਸ਼ਨ, ਟੀ. ਵੀ. ਚੈਨਲ ਸਭ ਕੁਝ ਹੋ ਗਏ। ਪਰ ਭਾਰਤੀ ਦਲਿਤਾਂ ਦੀ ਕਮਾਈ ਅਨੁਸ਼ਾਸਿਤ ਨਹੀਂ ਹੋ ਸਕੀ ਇਸ ਕਰਕੇ ਉਹ ਸਮਾਜਿਕ ਤਾਕਤ ਨਹੀਂ ਬਣ ਸਕੇ।

ਇਹ ਸੋਚਣਾ ਗਲਤ ਹੋਵੇਗਾ ਕਿ ਦਲਿਤਾਂ ਦੇ ਕੋਲ ਪੈਸਾ ਨਹੀਂ ਹੈ, ਇਸ ਕਰਕੇ ਦਲਿਤ ਬੈਂਕ ਨਹੀਂ ਬਣ ਪਾ ਰਹੇ ਹਨ। ਉਤਰ ਪ੍ਰਦੇਸ਼ ਦੇ ਸਿਰਫ ਇਕ ਜ਼ਿਲ੍ਹੇ ਸ਼ਾਹਜਹਾਂਪੁਰ ਦੀ ਹੀ ਉਦਾਹਰਣ ਲਓ।

ਜਨਪਦ ਵਿਚ ਸਿਰਫ ਬੇਸਿਕ ਸਿੱਖਿਆ ਵਿਚ 1155 ਰੈਗੂਲਰ ਅਧਿਆਪਕ ਹਨ। ਇਕ ਅਧਿਆਪਕ ਦੀ ਤਾਂ ਪਹਿਲੀ ਤਨਖਾਹ 39,000 ਰੁਪਏ ਤੋਂ ਆਰੰਭ ਹੁੰਦੀ ਹੈ। ਜੇਕਰ ਇਹਨਾਂ ਦਲਿਤ ਅਧਿਆਪਕਾਂ ਦੀ ਔਸਤ ਮਾਸਿਕ ਤਨਖਾਹ 50,000 ਰੁਪਏ ਮੰਨ ਲਵੇ ਤਾਂ ਇਹਨਾਂ ਦੀ ਸਾਂਝੀ ਮਾਸਿਕ ਜਾਂ 10 ਸਾਲ ਵਿਚ 692.4 ਕਰੋੜ।

ਅਰਥ ਇਹ ਕਿ ਕੇਵਲ ਇਕ ਜ਼ਿਲ੍ਹੇ ਸ਼ਾਹਜਹਾਂਪੁਰ ਵਿਚ ਦਲਿਤ ਅਧਿਆਪਕ ਹੋਵੇ ਇਕ ਬੈਂਕ ਖੜ੍ਹਾ ਕਰ ਸਕਦੇ ਹਨ। ਦਲਿਤਾਂ ਦੀ ਦੌਲਤ ਹੜ੍ਹਾਂ ਦੇ ਉਸ ਪਾਣੀ ਵਾਂਗ ਹੈ ਜੋ ਸਮੁੰਦਰ ਵਿਚ ਜਾ ਕੇ ਮਿਲ ਜਾਂਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਹੜ੍ਹ ਦੇ ਇਸ ਪਾਣੀ ਨੂੰ ਬੰਨ੍ਹ ਬਣਾ ਕੇ ਰੋਕਿਆ ਜਾਵੇ। ਦਲਿਤ ਸਮਾਜ ਵਿਚ ਇਕ ਨਹੀਂ ਸੌ ਦਲਿਤ ਬੈਂਕ ਬਣਾਏ ਜਾਣ। ਦਲਿਤ ਬੈਂਕ ਸਮੇਂ ਦੀ ਜ਼ਰੂਰਤ ਹੈ।

**1 ਅਪ੍ਰੈਲ ਨੂੰ ਸਮਰਪਿਤ**

# ਹਾਸੇ ਮਜ਼ਾਕ ਵਾਲਾ ਦਿਨ 1 ਅਪ੍ਰੈਲ

ਅਪ੍ਰੈਲ ਫੂਲ ਡੇ' ਜਾਂ ਮੂਰਖਾਂ ਦਾ ਦਿਨ ਹਰ ਸਾਲ 01 ਅਪ੍ਰੈਲ ਨੂੰ ਵਿਸ਼ਾਲ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਲੋਕਾਂ ਵੱਲੋਂ ਆਪਣੇ ਸਮੇ-ਸਬੰਧੀਆਂ, ਦੋਸਤਾਂ-ਮਿੱਤਰਾਂ, ਨਜ਼ਦੀਕੀਆਂ, ਗੁਆਂਢੀਆਂ ਆਦਿ ਨਾਲ ਹਲਕੇ-ਫੁਲਕੇ ਅਤੇ ਵਿਵਹਾਰਿਕ ਕਿਸਮ ਦੇ ਮਜ਼ਾਕ, ਸ਼ਰਾਰਤਾਂ ਕੀਤੀਆਂ ਜਾਂਦੀਆਂ ਹਨ। ਲੋਕਾਂ ਵੱਲੋਂ ਦੂਸਰੇ ਲੋਕਾਂ ਨਾਲ ਮਜ਼ਾਕ ਜਾਂ ਮੂਰਖਤਾ ਪੂਰਨ ਹਰਕਤਾਂ ਕਰਕੇ, ਅਫ਼ਵਾਹਾਂ ਫੈਲਾ ਅਤੇ ਝੂਠੀਆਂ ਕਹਾਣੀਆਂ ਬਣਾ ਕੇ ਮਨੋਰੰਜਨ ਕੀਤਾ ਜਾਂਦਾ ਹੈ। ਇਸ ਦਿਨ ਨੂੰ ਮਨਾਏ ਜਾਣ ਦੇ ਇਤਿਹਾਸ, ਕਾਰਨਾਂ ਆਦਿ ਸਬੰਧੀ ਵੱਖ-ਵੱਖ ਤਰ੍ਹਾਂ ਦੀਆਂ ਧਾਰਨਾਵਾਂ ਮਿਲਦੀਆਂ ਹਨ। ਇਸ ਦਾ ਆਰੰਭ ਫਰਾਂਸ, ਰੋਮ, ਯੂਰਪ, ਯੂਨਾਨ, ਇਟਲੀ ਆਦਿ ਤੋ ਹੋਇਆ ਮੰਨਿਆ ਜਾਂਦਾ ਹੈ।ਅਜਿਹਾ ਹੋਣ ਦੀਆਂ ਕੁਝ ਉਦਾਹਰਨਾਂ ਵੀ ਮਿਲਦੀਆਂ ਹਨ। ਹਾਸੇ-ਮਜ਼ਾਕ ਦਾ ਇਹ ਤਿਉਹਾਰ ਹੌਲੀ-ਹੌਲੀ ਦੁਨੀਆ ਦੇ ਵੱਖ ਵੱਖ ਹਿੱਸਿਆ ਵਿੱਚ ਫੈਲ ਗਿਆ। ਪਰ ਇਸ ਨੂੰ ਮਨਾਉਣ ਦੇ ਵੱਖ ਵੱਖ ਦੇਸ਼ਾਂ ਦੇ ਤਰੀਕਿਆਂ ਵਿੱਚ ਵਖਰੇਵਾਂ ਰਿਹਾ ਹੈ।ਕਿਹਾ ਜਾਂਦਾ ਹੈ ਕਿ ਫਰਾਂਸ ਵਿੱਚ 01 ਅਪ੍ਰੈਲ ਨੂੰ ਇੱਕ ਸਭਾ ਹੁੰਦੀ ਸੀ। ਜਿਸ ਵਿੱਚ ਰਾਜਾ,ਰਾਜ ਗੁਰੂ ਅਤੇ ਆਮ ਲੋਕ ਸ਼ਾਮਲ ਹੁੰਦੇ ਸਨ। ਇਸ ਸਭਾ ਦਾ ਇੱਕ ਵਿਅਕਤੀ ਪ੍ਰਧਾਨ ਚੁਣਿਆ ਜਾਂਦਾ ਸੀ, ਜਿਸ ਨੂੰ ਮੂਰਖਾਂ ਦਾ ਗੁਰੂ ਕਿਹਾ ਜਾਂਦਾ। ਇਸ ਸਭਾ ਵਿੱਚ ਮੂਰਖਤਾ ਪੂਰਨ ਭਾਸ਼ਣ ਦਿੱਤੇ ਜਾਂਦੇ ਸਨ ਅਤੇ ਸਮਾਜਿਕ, ਧਾਰਮਿਕ ਆਦਿ ਕਮਜ਼ੋਰ ਨੂੰ ਇਨ੍ਹਾਂ ਦਾ ਵਿਸ਼ਾ ਬਣਾਇਆ ਜਾਂਦਾ ਸੀ। ਇਟਲੀ ਵਿੱਚ ਮਰਦ ਅਤੇ ਔਰਤਾਂ ਰਲ ਕੇ ਨੱਚ ਦੇ ਅਤੇ ਹਾਸਾ ਮਜ਼ਾਕ ਕਰਦੇ ਸਨ। ਸਕਾਟਲੈਂਡ ਵਿੱਚ 01 ਅਪ੍ਰੈਲ ਨੂੰ ਮੁਰਗਿਆਂ ਭਾਵ ਮੂਰਖਾਂ ਦਾ ਦਿਨ ਕਿਹਾ ਅਤੇ ਮਜ਼ਾਕ ਕੀਤਾ ਜਾਂਦਾ ਸੀ। ਯੂਰਪ ਵਿੱਚ ਇਸ ਦਿਨ ਨੂੰ ਨੌਕਰ ਮਾਲਕ ਅਤੇ




ਮਾਲਕ ਨੌਕਰ ਬਣ ਕੇ ਮਨਾਉਂਦੇ ਸਨ। ਯੂਨਾਨ ਵਿੱਚ ਇੱਕ ਲਾਲਚੀ ਵਿਅਕਤੀ ਨੂੰ ਇਸ ਦਿਨ ਮੂਰਖ ਬਣਾਇਆ ਗਿਆ ਸੀ। ਉਸ ਨੂੰ ਮੂਰਖ ਬਣਾਉਣ ਲਈ ਕਿਹਾ ਗਿਆ ਸੀ ਕਿ ਅੱਜ ਰਾਤ ਪਹਾੜੀ ਉੱਪਰ ਇੱਕ ਦੇਵਤਾ ਪ੍ਰਗਟ ਹੋਵੇਗਾ ਅਤੇ ਉਹ ਉਥੇ ਮੌਜੂਦ ਲੋਕਾਂ ਨੂੰ ਮੂੰਹੋਂ ਮੰਗਿਆ ਵਰਦਾਨ ਦੇਵੇਗਾ। ਇਹ ਸੁਣਕੇ ਉਹ ਪਹਾੜੀ 'ਤੇ ਪਹੁੰਚ ਗਿਆ ਪਰ ਕੋਈ ਦੇਵਤਾ ਪਰਗਟ ਨਾ ਹੋਇਆ। ਉਹ ਜਦੋਂ ਵਾਪਸ ਆ ਰਿਹਾ ਸੀ ਤਾਂ ਲੋਕਾਂ ਨੇ ਉਸ ਦਾ ਮਜ਼ਾਕ ਉਡਾਇਆ। ਲੰਡਨ ਵਿੱਚ ਟਾਵਰ ਆਫ਼ ਲੰਡਨ ਵਿਖੇ ਲੋਕਾਂ ਨੂੰ 1698 ਵਿੱਚ ਸਿਰ ਨਵਾਉਂਦੇ ਹੋਏ ਵਿਖਾਉਣ ਦੇ ਨਾਂ ਤੇ ਇਕੱਠੇ ਕੀਤਾ ਗਿਆ ਸੀ ਅਤੇ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ।

ਹਾਸੇ-ਮਜ਼ਾਕ ਦੀ ਅਜੋਕੇ ਤਣਾਅ ਪੂਰਨ ਜੀਵਨ ਵਿੱਚ ਬੇਹੱਦ ਜਰੂਰਤ ਤੇ ਮਹੱਤਵ ਹੈ। ਹਾਸਾ-ਮਜ਼ਾਕ ਤਣਾਅ, ਚਿੰਤਾਵਾਂ ਤੋ ਸਰੀਰ ਨੂੰ ਮੁਕਤ ਕਰਨ ਤੇ ਸਰੀਰ ਨੂੰ ਹਲਕਾ ਫੁਲਕਾ ਕਰਨ ਵਿੱਚ ਸਹਾਈ ਹੁੰਦਾ ਹੈ। ਭਾਰਤ ਵਿੱਚ ਵੀ 01 ਅਪ੍ਰੈਲ ਨੂੰ ਹਾਸੇ ਮਜ਼ਾਕ ਦੇ ਸਿਹਤ ਮੰਦ ਦਿਨ ਵਜੋਂ ਮਨਾਇਆ ਜਾਂਦਾ ਹੈ।ਇਸ ਦਿਨ ਕਈ ਮੂਰਖ ਬਣਦੇ ਹਨ ਅਤੇ ਕਈਆਂ ਨੂੰ ਮੂਰਖ ਬਣਾਇਆ ਜਾਂਦਾ ਹੈ। ਲੋਕ ਮਜ਼ਾਕ ਕਰਦੇ, ਹਲਕੇ-ਫੁਲਕੇ ਤਰੀਕੇ ਨਾਲ ਹੱਸਦੇ ਹਨ ਅਤੇ ਤਣਾਅ, ਪਰੇਸ਼ਾਨੀਆਂ ਤੋ ਕੁਝ ਹੱਦ ਤਕ ਨਿਜਾਤ ਪਾਉਣ ਦੀ ਕੋਸ਼ਿਸ਼ ਕਰਦੇ ਹਨ।

ਭਾਰਤ ਵਿੱਚ ਇਹ ਤਿਉਹਾਰ ਪੱਛਮੀ ਸੱਭਿਅਤਾ ਦੇ ਪ੍ਰਭਾਵ ਕਾਰਨ ਆਇਆ ਹੈ। ਇਥੇ ਇਹ ਦਿਨ ਪੱਤ ਝੜ ਤੋ ਬਾਅਦ ਆਈ ਬਸੰਤ ਰੁੱਤ ਵਿੱਚ ਆਉਂਦਾ ਹੈ। ਇਸ ਦਾ ਭਾਰਤੀ ਚੰਗਾ ਆਨੰਦ ਲੈਂਦੇ ਹਨ। ਕੁਝ ਲੋਕ 31 ਮਾਰਚ ਨੂੰ ਖਤਮ ਹੋਏ ਵਿੱਤੀ ਵਰ੍ਹੇ ਦੇ ਤਣਾਅ ਨੂੰ ਦੂਰ ਕਰਨ ਲਈ ਆਪਣੇ ਨਜ਼ਦੀਕੀਆਂ ਨੂੰ ਮਜ਼ਾਕ ਕਰਕੇ ਹਲਕਾ-ਫੁਲਕਾ ਮਹਿਸੂਸ ਕਰਦੇ ਹਨ।

ਅਪ੍ਰੈਲ ਫੂਲ ਦਾ ਦਿਨ ਹਾਸੇ-ਮਜ਼ਾਕ ਦਾ ਦਿਨ ਹੈ ਪਰ ਹਾਸੇ-ਮਜ਼ਾਕ ਦਾ ਪੱਧਰ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਦੋਹੇ ਧਿਰਾਂ ਇਸ ਦਾ ਆਨੰਦ ਲੈ ਸਕਣ।ਕਿਸੇ ਦੀ ਸਰੀਰਕ ਘਾਟ, ਜਾਂ ਬਿਮਾਰੀ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਇੱਕ ਵਾਰ ਮੇਰੇ ਮਿੱਤਰ ਨੇ ਖਾਣ-ਪੀਣ ਵਾਲੀ ਚੀਜ਼ ਵਿੱਚ ਕੌੜੀ ਦਵਾਈ ਮਿਲਾ ਕੇ ਸਾਰਿਆਂ ਨੂੰ ਥੋੜ੍ਹੀ-ਥੋੜ੍ਹੀ ਖਵਾ ਦਿੱਤੀ, ਮੂੰਹ ਕੌੜਾ ਹੋਣ ਕਾਰਨ ਸਾਰੇ ਪਾਣੀ ਦੀਆਂ ਕੁਰਲੀਆਂ ਕਰਨ ਲੱਗ ਪਏ ਤੇ ਮੇਰਾ ਮਿੱਤਰ ਅਪ੍ਰੈਲ ਫੂਲ ਦਾ ਰੌਲਾ ਪਾਉਣ ਲੱਗ ਪਿਆ ਤੇ ਗੱਲ ਹਾਸਾ-ਮਜ਼ਾਕ ਵਿੱਚ ਟਲ ਗਈ। ਧਿਆਨ ਰਹੇ ਕਿ ਅਸੀਂ ਕਿਸੇ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਾ ਭੱਦਾ ਮਜ਼ਾਕ ਕਦੇ ਵੀ ਨਾ ਕਰੀਏ। ਹਾਸਾ-ਮਜ਼ਾਕ ਜੀਵਨ ਦਾ ਅਟੁੱਟ ਅੰਗ ਹੈ ਇਹ ਜਿੰਦਗੀ 'ਚ ਹੋਣਾ ਹੀ ਚਾਹੀਦਾ ਹੈ।

# ਬਡੂੰਗਰ ਜੀ ਬੇਲੋੜੀ ਬਿਆਨਬਾਜ਼ੀ ਤੋਂ ਬਚੋ!



ਪੰਜਾਬ ਤੋਂ ਛਪਦੀਆਂ ਕੁਝ ਅਖਬਾਰਾਂ ਵਿਚ ਭਾਈ ਕਿਰਪਾਲ ਸਿੰਘ ਬਡੂੰਗਰ ਜੀ ਦਾ ਜੋਸ਼ੀਲੀ ਸ਼ਬਦਾਵਲੀ ਵਾਲਾ ਬਿਆਨ ਛਾਪਿਆ ਹੈ, ਜਿਸ ਵਿਚ ਉਹਨਾਂ ਕਿਹਾ ਕਿ ਗੁਰੂ ਨਾਨਕ ਯੂਨੀਵਰਸਿਟੀ ਵਿਚ 'ਦੇਹਿ ਸ਼ਿਵਾ ਬਰੁ ਮੋਹਿ ਇਹੈ' ਨੂੰ ਬਦਲ ਕੇ ਗਾਇਆ ਜਾਣ ਵਾਲਾ ਸ੍ਰੀ ਸੁਰਜੀਤ ਪਾਤਰ ਦਾ ਗੀਤ 'ਬਰਦਾਸ਼ਤ' ਨਹੀਂ ਕੀਤਾ ਜਾਵੇਗਾ। ਉਹਨਾਂ ਦਾ ਇਹ ਬਿਆਨ ਬਿਲਕੁਲ ਜਾਇਜ਼ ਮੰਨਿਆ ਜਾਂਦਾ ਜੇ ਸੱਚਮੁਚ ਉਕਤ ਸਵੱਈਏ ਨੂੰ ਬਦਲ ਦਿੱਤਾ ਗਿਆ ਹੁੰਦਾ।

ਅਸਲ ਵਿਚ ਅਜਿਹਾ ਕੁਝ ਵੀ ਨਹੀਂ ਹੋਇਆ। ਸੋਸ਼ਲ ਮੀਡੀਏ ਤੋਂ ਸਾਫ ਜਾਣਕਾਰੀ ਮਿਲਦੀ ਹੈ ਕਿ ਜਦੋਂ ਧਾਰਮਿਕ ਮੁੱਦਿਆਂ ਬਾਰੇ ਨਵੀਆਂ ਨਵੀਆਂ 'ਚਿੰਜੜੀਆਂ ਛੇੜਨ' ਦੇ ਮਾਹਰ ਕੁਝ ਸੱਜਣਾਂ ਵੱਲੋਂ ਉਕਤ ਮੁੱਦੇ ਨੂੰ 'ਤੂਲ' ਦਿੱਤੀ ਜਾਣੀ ਸ਼ੁਰੂ ਹੋਈ ਤਦੇ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਮਰੱਥ ਅਧਿਕਾਰੀਆਂ ਵੱਲੋਂ ਸਪਸ਼ਟ ਕਰ ਦਿੱਤਾ ਗਿਆ ਸੀ ਕਿ 'ਦੇਹਿ ਸ਼ਿਵਾ ...' ਵਾਲਾ ਸਵੱਈਆ ਬਦਲਿਆ ਜਾਂ ਛੱਡਿਆ ਨਹੀਂ ਗਿਆ ਸਗੋਂ ਗੁਰੂ ਨਾਨਕ ਸਾਹਿਬ ਦੀ ਅਜ਼ਮਤ ਬਾਰੇ ਪਾਤਰ ਜੀ ਤੋਂ ਉਚੇਚੇ ਤੌਰ 'ਤੇ ਗੀਤ ਲਿਖਵਾਇਆ ਗਿਆ ਸੀ।

ਇਸ ਸਪਸ਼ਟੀਕਰਨ ਤੋਂ ਬਾਅਦ ਇਹ 'ਮਸਲਾ' ਖਤਮ ਹੋ ਜਾਣਾ ਚਾਹੀਦਾ ਸੀ। ਪਰ ਕੀਤਾ ਕੀ ਜਾਏ? ਸਿਆਸੀ ਆਗੂਆਂ ਤੋਂ ਇਲਾਵਾ ਲਿਖਾਰੀਆਂ, ਕਵੀਆਂ ਅਤੇ ਪ੍ਰੋਫੈਸਰਾਂ ਨੂੰ ਵੀ ਈਰਖਾ ਰੋਗ ਚਿੰਬੜਿਆ ਹੋਇਆ ਹੈ।

ਜਿਸ ਕਰਕੇ ਸਾਊ ਸ਼ਰੀਫ ਸ਼ਾਇਰ ਸੁਰਜੀਤ ਪਾਤਰ ਜੀ ਦੀ ਉੱਚ ਪਾਏ ਦੀ ਕਵਿਤਾ ਇਨ੍ਹਾਂ ਸ੍ਰੀ ਮਾਨਾਂ ਦਾ 'ਨਿਸ਼ਾਨਾ' ਬਣ ਗਈ!

ਸ੍ਰੀ ਬਡੂੰਗਰ ਜੀ ਦੇ ਪ੍ਰਧਾਨਗੀ ਕਾਲ ਸਮੇਂ ਉਨ੍ਹਾਂ ਦਾ ਸਾਥੀ ਮੈਂਬਰ ਸ਼੍ਰੋਮਣੀ ਕਮੇਟੀ ਰਿਹਾ ਹੋਣ ਕਰਕੇ ਮੈਂ ਉਹਨਾਂ ਨੂੰ ਕਹਿਣ ਦਾ ਹੱਕ ਰੱਖਦਾ ਹਾਂ ਕਿ ਵੈਸੇ ਤਾਂ ਉਨ੍ਹਾਂ ਦੇ 'ਚੁੱਪ ਵੱਟਣ' ਵਾਲੇ ਵੇਲਿਆਂ ਦੀ ਲੰਬੀ ਸੂਚੀ ਹੈ। ਪਰ ਕੀ ਉਹ ਦੱਸਣਗੇ ਕਿ ਜਦੋਂ ਉਨ੍ਹਾਂ ਦੁਆਰਾ ਜਾਰੀ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਸ੍ਰੀ ਸੁਖਬੀਰ ਬਾਦਲ ਦੇ ਹੁਕਮ 'ਤੇ ਅਚਾਨਕ ਰੱਦ ਕਰ ਦਿੱਤਾ ਗਿਆ ਸੀ।

ਕੀ ਉਦੋਂ ਉਹਨਾਂ ਇਹ ਕਿਹਾ ਸੀ ਕਿ ਅਜਿਹਾ ਨਾਦਰੀ ਹੁਕਮ ਬਰਦਾਸ਼ਤ ਨਹੀਂ? ਹਾਲੇ ਕੱਲ੍ਹ ਸਾਰੀਆਂ ਮਾਣ-ਮਰਿਆਦਾਵਾਂ ਛਿੱਕੇ ਟੰਗ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੰਗਾਂ ਨਾਲ ਮੂੰਹ ਸਿਰ ਲਬੇੜਦੇ 'ਜਥੇਦਾਰ' ਦੇਖ ਕੇ, ਬਡੂੰਗਰ ਜੀ ਕੁਸਕੇ ਹੀ ਨਹੀਂ? ਫਿਰ ਨਹੀਂ ਸੱਜੇ ਹੱਥ ਦੀ ਉਂਗਲ ਖੜ੍ਹੀ ਕਰਕੇ ਬਿਆਨ ਦਿੰਦੇ।

**- ਵੱਲੋਂ : ਤਰਲੋਚਨ ਸਿੰਘ ਦੁਪਾਲ ਪੁਰ, ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ (ਕੈਲੇਫੋਰਨੀਆ, ਯੂ. ਐਸ. ਏ.)**

## ਲੱਖ ਹੋਵੇ ਮੌਤ ਸਰੀਰਾਂ ਦੀ ਨਈਂ ਬੁਝਦੀ ਜੋਤ ਜ਼ਮੀਰਾਂ ਦੀ

### 23 ਮਾਰਚ ਦੇ ਸ਼ਹੀਦਾਂ ਨੂੰ ਪ੍ਰਣਾਮ



ਉਨ੍ਹਾਂ ਦੇ ਮਰਨ ਮਗਰੋਂ ਵੀ ਸਦਾ ਸਨਮਾਨ ਹੁੰਦੇ ਨੇ
ਜਿਹੜੇ ਕੁਰਬਾਨ ਹੁੰਦੇ ਨੇ ਵਤਨ ਦੀ ਸ਼ਾਨ ਹੁੰਦੇ ਨੇ

ਬਣੇ ਸਿਰ ਭੀੜ ਤਾਂ ਮੂੰਹ ਆਫ਼ਤਾਂ ਦੇ ਮੋੜ ਦਿੰਦੇ ਨੇ
ਗੁਲਾਮੀ ਵਾਲੀਆਂ ਕੜੀਆਂ ਨੂੰ ਖਿੱਚ ਕੇ ਤੋੜ ਦਿੰਦੇ ਨੇ
ਕਰਮ ਕਰਦੇ ਜੋ ਸਾਡੇ ਤੇ ਬੜੇ ਮੁੱਲਵਾਨ ਹੁੰਦੇ ਨੇ

ਇਨ੍ਹਾਂ ਦੇ ਸਾਹਮਣੇ ਹਰ ਜ਼ੁਲਮ ਚਕਨਾਚੂਰ ਹੋ ਜਾਵੇ
ਅਤੇ ਸਜਦਾ ਕਰਨ ਲਈ ਮੌਤ ਵੀ ਮਜਬੂਰ ਹੋ ਜਾਵੇ
ਇਨ੍ਹਾਂ ਦੇ ਜ਼ਿੰਦਗੀ ਉੱਤੇ ਬੜੇ ਅਹਿਸਾਨ ਹੁੰਦੇ ਨੇ

ਜਦੋਂ ਗੱਲ ਹੱਕ ਦੀ ਹੋਵੇ ਜਦੋਂ ਗੱਲ ਸੱਚ ਦੀ ਹੋਵੇ
ਜਦੋਂ ਕਿ ਹਰ ਕਦਮ ਤੇ ਮੌਤ ਮੂਹਰੇ ਨੱਚਦੀ ਹੋਵੇ
ਤਾਂ ਜਾਨਾਂ ਵਾਰਨੇ ਵਾਲੇ ਥੋੜ੍ਹੇ ਇਨਸਾਨ ਹੁੰਦੇ ਨੇ

ਉਨ੍ਹਾਂ ਦੀ ਹੀ ਸਦਾ ਐ 'ਕੰਗ' ਜੈ ਜੈ ਕਾਰ ਹੁੰਦੀ ਏ
ਜੋ ਜਾਂਦੇ ਦੱਸ ਕੇ ਕਿ ਜ਼ਿੰਦਗੀ ਵੰਗਾਰ ਹੁੰਦੀ ਏ
ਪੂਜਣਯੋਗ ਬਲੀਆਂ ਦੇ ਬਈ ਬਲੀਦਾਨ ਹੁੰਦੇ ਨੇ



– ਹਰਜਿੰਦਰ ਕੰਗ
559–917–4890

## ਥੋੜ੍ਹਾ, ਥੋੜ੍ਹਾ ਬਚਾਓ ਪਾਣੀ

ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ,
ਨਹੀਂ ਤਾਂ ਮਰ ਜਾਣਗੇ ਸਾਰੇ ਪ੍ਰਾਣੀ ਦੋਸਤੋ।
ਪਿੰਡਾਂ ਚੋਂ ਸਾਰੇ ਟੋਭੇ ਖਤਮ ਹੋ ਗਏ ਨੇ,
ਸਾਰੇ ਘਰਾਂ 'ਚ ਵਿਹੜੇ ਪੱਕੇ ਹੋ ਗਏ ਨੇ,
ਨਦੀਆਂ ਦੇ ਵਿੱਚ ਵੀ ਦਿਸੇ ਨਾ ਪਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਜੰਗਲਾਂ ਚੋਂ ਰੁੱਖ ਕੱਟੀ ਜਾਵੇ ਇਹ ਬੰਦਾ,
ਪਰਬਤਾਂ ਨੂੰ ਮੈਦਾਨ ਬਣਾਈ ਜਾਵੇ ਇਹ ਬੰਦਾ,
ਗਰਮੀ 'ਚ ਔਖੇ ਹੋਣ ਸਾਰੇ ਪ੍ਰਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਘਰਾਂ 'ਚ ਪਾਣੀ ਵਰਤਿਆ ਜਾ ਰਿਹਾ ਕਵੱਲਾ,
ਝੋਨਾ ਲਾ ਕੇ ਕਿਸਾਨ ਇਸ ਤੇ ਬੋਲੀ ਜਾਣ ਹੱਲਾ,
ਕਦਰ ਇਸ ਦੀ ਬੰਦੇ ਨੇ ਨਾ ਜਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਖੇਤਾਂ 'ਚ ਤੇ ਸੜਕਾਂ ਕੰਢੇ ਵੱਧ ਰੁੱਖ ਲਾਓ,
ਇਸ ਦੁਨੀਆ ਨੂੰ ਖਤਮ ਹੋਣ ਤੋਂ ਬਚਾਓ,
ਇਸ ਨੂੰ ਰਲ ਕੇ ਬਣਾਓ ਸੁਹਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਬਰਸਾਤ ਦੇ ਪਾਣੀ ਨੂੰ ਧਰਤੀ ਅੰਦਰ ਭਰ ਦਿਓ,
ਇਸ ਦੀ ਤਪ ਰਹੀ ਹਿੱਕ ਨੂੰ ਸ਼ਾਂਤ ਕਰ ਦਿਓ,
'ਪਾਣੀ ਪਿਤਾ' ਲਿਖਿਆ ਹੈ ਵਿੱਚ ਬਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।



–ਮਹਿੰਦਰ ਸਿੰਘ ਮਾਨ
91–99158–03554

## ਖਡੂਰ ਸਾਹਿਬ ਖਾਸ!

ਅਣਪਛਾਤੀਆਂ ਲਾਸ਼ਾਂ ਪਹਿਚਾਣਦਾ ਸੀ
ਘਰੋਂ ਚੁੱਕ ਬਣਾ 'ਤਾ ਸੀ ਲਾਸ਼ ਭਾਈ।

ਆਓ ਰਲ–ਮਿਲ ਕੇ ਹੰਭਲਾ ਮਾਰੀਏ ਜੀ
ਉਸਦਾ ਟੱਬਰ ਨਾ ਹੋਏ ਨਿਰਾਸ਼ ਭਾਈ।

ਸੀਟਾਂ ਦੂਜੀਆਂ ਭਾਵੇਂ ਵੀ ਅਹਿਮ ਹੀ ਨੇ
ਖਡੂਰ ਸਾਹਿਬ ਦੀ ਹੋਈ ਪਰ ਖਾਸ ਭਾਈ।

ਇੱਥੋਂ ਆਏ ਨਤੀਜੇ ਨੇ ਬੰਨ੍ਹਣੀ ਏ
ਸੂਬੇ ਵਾਸਤੇ 'ਫਿਊਚਰ' ਦੀ ਆਸ ਭਾਈ।

ਸਾਨੂੰ ਸੱਚ ਇਨਸਾਫ ਲਈ ਜੂਝਣੇ ਦਾ
ਦਿੰਦਾ ਥਾਪੜਾ ਕਲਗੀਆਂ ਵਾਲੜਾ ਈ।

ਪਤੀ ਮਾਨਵੀ ਹੱਕਾਂ ਲਈ ਵਾਰਿਆ ਜਿਸ
ਬੀਬੀ ਜਿੱਤਣੀ ਚਾਹੀਦੀ ਖਾਲੜਾ ਈ!



ਤਰਲੋਚਨ ਸਿੰਘ 'ਦੁਪਾਲ ਪੁਰ'
001–408–915–1268

## ਆਪਣਿਆਂ ਦੀਆਂ ਯਾਦਾਂ ਸਤਾਉਂਦੀਆਂ ਨੇ



ਜੁਗਿੰਦਰ ਸਿੰਘ 'ਧਾਮੀ' ਪਿੱਪਲਾਂਵਾਲੀਆ
530–844–0987

ਆਪਣਿਆਂ ਦੀਆਂ ਯਾਦਾਂ ਸਤਾਉਂਦੀਆਂ ਨੇ
ਅੱਖਾਂ ਵਿਚ ਨਮੀ ਲਿਆਉਂਦੀਆਂ ਨੇ
ਕਈ ਵਾਰੀ ਤਾਂ ਦਿਸਦਾ ਦਰਦ ਬਣ ਕੇ
ਹੰਝੂ ਅੱਖਾਂ 'ਚੋਂ ਬੜੇ ਵਹਾਉਂਦੀਆਂ ਨੇ
ਆਪਣਿਆਂ ਦੀਆਂ ਯਾਦਾਂ ਸਤਾਉਂਦੀਆਂ ਨੇ।

ਕਈ ਜ਼ਖਮ ਅਜੇ ਤਾਈਂ ਅੱਲ੍ਹੇ ਨੇ
ਤੇ ਕਈ ਜ਼ਖਮ ਨਾਸੂਰ ਬਣ ਰਹਿ ਗਏ ਨੇ
ਜਿਹਨਾਂ ਨੇ ਜ਼ਖ਼ਮਾਂ ਤੇ ਮੱਲ੍ਹਮਾਂ ਲਾਉਣੀਆਂ ਸੀ
ਉਹੋ ਪਤਾ ਨਹੀਂ ਕਿੱਥੇ ਜਾ ਬਹਿ ਗਏ ਨੇ
ਅਜੇ ਤਾਈਂ ਵੀ ਉਹਨਾਂ ਦੇ ਸਦਕਾ
ਹਵਾਵਾਂ ਠੰਢੀਆਂ ਸਾਡੇ ਵੱਲ ਆਉਂਦੀਆਂ ਨੇ
ਆਪਣਿਆਂ ਦੀਆਂ ਯਾਦਾਂ ਸਤਾਉਂਦੀਆਂ ਨੇ
ਅੱਖਾਂ ਵਿਚ ਨਮੀ ਲਿਆਉਂਦੀਆਂ ਨੇ।

ਕਈ ਦੇਰ ਤੋਂ ਜੀ ਤੇ ਕੁਝ ਹੁਣ ਤੋਂ ਜੀ
ਇਹਨਾਂ ਯਾਦਾਂ ਦੇ ਵਿਚ ਡੁੱਬੇ ਨੇ
ਯਾਦਾਂ ਸੂਲਾਂ ਕੰਡੇ ਬਣ ਕੇ ਜੀ
ਇੱਥੇ ਸਭਨਾਂ ਦੇ ਹੀ ਚੁਭੇ ਨੇ
ਜ਼ਖਮ ਕੰਡਿਆਂ ਦੇ ਝੱਲਣੇ ਬੰਦਾ ਸਿੱਖ ਲੈਂਦਾ
ਪਰ ਡੂੰਘੀਆਂ ਸੂਲਾਂ ਬਹੁਤ ਸਤਾਉਂਦੀਆਂ ਨੇ
ਆਪਣਿਆਂ ਦੀਆਂ ਯਾਦਾਂ ਸਤਾਉਂਦੀਆਂ ਨੇ
ਅੱਖਾਂ ਵਿਚ ਨਮੀ ਲਿਆਉਂਦੀਆਂ ਨੇ।

ਇਕ ਸੱਜਣ ਆ ਕੇ ਮੈਨੂੰ ਕਹਿੰਦਾ
ਮੈਂ ਆਪਣੀ ਮਾਂ ਨੂੰ ਤੋਰ ਕੇ ਆ ਗਿਆ ਹਾਂ
ਜਿੰਨੇ ਹੰਝੂ ਬਚੇ ਸੀ ਅੱਖੀਆਂ 'ਚ
ਉਹੋ ਸਾਰੇ ਰੋੜ ਕੇ ਆ ਗਿਆ ਆਂ
ਕਹਿੰਦਾ ਮਾਮਾਂ ਨੂੰ ਮਿਲਣ ਜ਼ਰੂਰ ਜਾਵੋ
ਉਹੋ ਵੈਰੀਆ ਉਥੇ ਕੁਰਲਾਉਂਦੀਆਂ ਨੇ
ਆਪਣੀਆਂ ਦੀਆਂ ਯਾਦਾਂ ਸਤਾਉਂਦੀਆਂ ਨੇ
ਅੱਖਾਂ ਵਿਚ ਨਮੀ ਲਿਆਉਂਦੀਆਂ ਨੇ।

ਕਦੇ ਕਦੇ ਜ਼ਿੰਦਗੀ ਵਿਚ ਸਾਨੂੰ
ਬੱਸ ਪਛਤਾਵਾ ਹੀ ਰਹਿ ਜਾਂਦਾ
ਦਿਲ ਵਿਚ ਉਬਾਲੇ ਫੇ ਉਠਦੇ ਨੇ
ਤੇ ਬੰਦਾ ਸੋਚਾਂ ਸੋਚਦਾ ਰਹਿ ਜਾਂਦਾ
ਫਿਰ ਸੁੰਨੀਆਂ ਸੁੰਨੀਆਂ ਘਰਾਂ ਦੀਆਂ ਕੰਧਾਂ
ਦਿਨ ਰਾਤ ਖਾਣ ਨੂੰ ਆਉਂਦੀਆਂ ਨੇ
ਆਪਣੀਆਂ ਦੀਆਂ ਯਾਦਾਂ ਸਤਾਉਂਦੀਆਂ ਨੇ
ਅੱਖਾਂ ਵਿਚ ਨਮੀ ਲਿਆਉਂਦੀਆਂ ਨੇ।

'ਧਾਮੀ' ਯਾਦਾਂ ਹੀ ਸਹਾਰੇ ਬਣ ਗਏ ਨੇ
ਤੇ ਵਕਤ ਯਾਦਾਂ ਦੇ ਸਿਰ ਤੇ ਲੰਘਾ ਲਈਦਾ
ਨਮ ਅੱਖਾਂ ਨਾ ਪੜ੍ਹ ਲਵੇ ਕੋਈ
ਅਸੀਂ ਪਲਕਾਂ ਨੂੰ ਹੀ ਝੁਕਾ ਲਈਦਾ
ਪਰ ਅੱਖਾਂ ਤਾਂ ਸਾਨੂੰ ਪੁੱਛਦੀਆਂ ਹੀ ਨਹੀਂ
ਬਿਨ ਪੁੱਛੇ ਹੀ ਹੰਝੂ ਵਹਾਉਂਦੀਆਂ ਨੇ
ਆਪਣੀਆਂ ਦੀਆਂ ਯਾਦਾਂ ਸਤਾਉਂਦੀਆਂ ਨੇ
ਅੱਖਾਂ ਵਿਚ ਨਮੀ ਲਿਆਉਂਦੀਆਂ ਨੇ।
ਕਈ ਵਾਰੀ ਤਾਂ ਦਿਲਾਂ ਦਾ ਦਰਦ ਬਣ ਕੇ
ਹੰਝੂ ਅੱਖਾਂ 'ਚੋਂ ਬੜੇ ਵਹਾਉਂਦੀਆਂ ਨੇ
ਆਪਣਿਆਂ ਦੀਆਂ ਯਾਦਾਂ ਸਤਾਉਂਦੀਆਂ ਨੇ।

# ਆਪਣੀ ਵੋਟ ਦੀ ਸਹੀ ਵਰਤੋਂ!



ਕਿਰਨਪ੍ਰੀਤ ਕੌਰ
+4368864013133

ਦੋਸਤੋ !! ਕਿਸੇ ਵੀ ਦੇਸ਼ ਦਾ ਭਵਿੱਖ ਉਥੋਂ ਦੀ ਸਰਕਾਰ ਤੇ ਹੀ ਨਹੀਂ ਬਲਕਿ ਨਾਗਰਿਕਾਂ ਤੇ ਵੀ ਨਿਰਭਰ ਹੁੰਦਾ ਹੈ। ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਹੁਣ ਚੋਣਾਂ ਦਾ ਸਮਾਂ ਹੈ । ਹਰ ਪਾਰਟੀ ਦਾ ਮੈਂਬਰ ਆਪਣੀ – ਆਪਣੀ ਪਾਰਟੀ ਦੇ ਗੁਣ ਗਾਉਂਦਾ ਦਿਖਾਈ ਦੇਵੇਗਾ । ਰੱਜ ਕੇ ਇੱਕ ਦੂਸਰੀ ਦੀ ਪਾਰਟੀ ਨੂੰ ਭੰਡਿਆ ਜਾਵੇਗਾ ਅਤੇ ਦੇਸ਼ ਦੇ ਵਿਕਾਸ ਦੀਆਂ ਗੱਲਾਂ ਕੀਤੀਆਂ ਜਾਣਗੀਆਂ । ਪਰ ਇਹ ਹਰ ਇੱਕ ਪਾਰਟੀ ਦਾ ਨਿੱਜੀ ਧਰਮ ਹੀ ਹੈ ਕਿ ਉਹ ਆਪਣੀ ਪਾਰਟੀ ਨੂੰ ਕਿਸੇ ਵੀ ਤਰ੍ਹਾਂ ਲੋਕਾਂ ਵਿੱਚ ਅੱਗੇ ਲੈ ਕੇ ਜਾਵੇ । ਇਸ ਵਾਸਤੇ ਉਹ ਕਈ ਤਰ੍ਹਾਂ ਦੀਆਂ ਝੂਠੀਆਂ ਦਲੀਲਾਂ ਅਤੇ ਝੂਠੇ ਵਾਅਦੇ ਵੀ ਕਰਦੇ ਹਨ । ਵੋਟਾਂ ਵਿੱਚ ਜਿੱਤਣ ਲਈ ਉਹ ਕਿਸੇ ਵੀ ਹੱਦ ਤੱਕ ਜਾਂਦੇ ਹਨ ਕਈ ਵਾਰ ਘਰਾਂ ਵਿੱਚ ਜਾ ਕੇ ਪੈਸੇ ਵੰਡਦੇ ਹਨ ਕਈਆਂ ਨੂੰ ਸ਼ਰਾਬ ਅਤੇ ਹੋਰ ਵੀ ਕਈ ਹੋਰ ਇਹੋ ਜਿਹੀਆਂ ਚੀਜ਼ਾਂ ਜਿਨ੍ਹਾਂ ਨਾਲ ਉਹ ਵੋਟਾਂ ਨੂੰ ਹਾਸਲ ਕਰ ਸਕਣ ।

ਪਰ ਦੋਸਤੋ ਇਹ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਇੱਕ ਸੱਚੇ ਇਨਸਾਨ ਨੂੰ ਵੋਟ ਪਾ ਕੇ ਅਗਾਂਹ ਵਧੂ ਕਰੀਏ ਤਾਂ ਕਿ ਅੱਗੇ ਜਾ ਕੇ ਦੇਸ਼ ਦਾ ਸੱਚਮੁੱਚ ਵਿਕਾਸ ਹੋ ਸਕੇ । ਅਸੀਂ ਸਾਰੇ ਲੋਕ ਕਈ ਵਾਰ ਲਾਲਚ ਜਾਂ ਦੋਸਤੀ ਦੇ ਬਹਿਕਾਵੇ ਵਿੱਚ ਆ ਕੇ ਗਲਤ ਪਾਰਟੀ ਨੂੰ ਵੋਟ ਪਾ ਦਿੰਦੇ ਹਾਂ । ਜਿਸ ਦਾ ਸਾਨੂੰ ਅੱਗੇ ਜਾ ਕੇ ਬਹੁਤ ਹੀ ਗਲਤ ਨਤੀਜਾ ਮਿਲਦਾ ਹੈ । ਇਹੋ ਜਿਹੀਆਂ ਪਾਰਟੀਆਂ ਅਗਾਂਹ ਜਾ ਕੇ ਸਿਰਫ ਆਪਣੀ ਹੀ ਚਿੰਤਾ ਕਰਦੀਆਂ ਹਨ ਉਨ੍ਹਾਂ ਨੂੰ ਲੋਕਾਂ ਦੀ ਸੁਰੱਖਿਆ ਨਾਲ ਕੋਈ ਮਤਲਬ ਨਹੀਂ ਹੁੰਦਾ । ਅਸੀਂ ਉਸ ਪਲ ਆਪਣੀ ਕੁੱਝ ਕੁ ਨਿਜੀ ਫਾਇਦਿਆਂ ਲਈ ਗਲਤ ਇਨਸਾਨ ਨੂੰ ਵੋਟ ਪਾ ਕੇ ਆਪਣੇ ਪੂਰੇ ਦੇਸ਼ ਦਾ ਭਵਿੱਖ ਖਰਾਬ ਕਰ ਦਿੰਦੇ ਹਾਂ ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਨਿੱਜੀ ਮਤਲਬ ਨੂੰ ਤਿਆਗ ਕੇ ਇਕ ਸੱਚੇ ਇਨਸਾਨ, ਸੱਚੀ ਪਾਰਟੀ ਨੂੰ ਵੋਟ ਪਾਈਏ । ਵੋਟ ਪਾਉਣਾ ਸਾਡਾ ਸਭ ਦਾ ਆਪਣਾ ਨਿੱਜੀ ਹੱਕ ਹੈ ਇਸ ਲਈ ਸਾਨੂੰ ਵੋਟ ਪਾਉਣ ਸਮੇਂ ਆਪਣੇ ਦੋਸਤ, ਰਿਸ਼ਤੇਦਾਰਾਂ ਜਾਂ ਫਿਰ ਕਿਸੇ ਹੋਰ ਦੇ ਬਹਿਕਾਵੇ ਵਿੱਚ ਨਹੀਂ ਆਉਣਾ ਚਾਹੀਦਾ ਬਲਕਿ ਖੁਦ ਆਪਣੇ ਦਿਮਾਗ਼ ਦੀ ਵਰਤੋਂ ਕਰ ਸਹੀ ਚੋਣ ਕਰਨੀ ਚਾਹੀਦੀ ਹੈ ।

ਪਾਰਟੀਆਂ ਪਹਿਲਾਂ ਕੁਝ ਕੁ ਸਕੀਮਾਂ ਚਲਾ ਕੇ ਲੋਕਾਂ ਦਾ ਦਿਲ ਜਿੱਤਦੀਆਂ ਹਨ ਜਿਵੇਂ ਕਿ ਆਟਾ ਦਾਲ ਸਕੀਮ ਨੂੰ ਹੀ ਲੈ ਲਓ ।ਪਰ ਇਹ ਸਕੀਮਾਂ ਨੌਜਵਾਨਾਂ ਨੂੰ ਅਪਾਹਜ ਬਣਾ ਰਹੀਆਂ ਹਨ । ਉਨ੍ਹਾਂ ਨੂੰ ਘਰ ਬੈਠੇ ਹੀ ਦਾਣਾ ਪਾਣੀ ਮਿਲ ਰਿਹਾ ਹੈ ਅਤੇ ਉਨ੍ਹਾਂ ਦਾ ਕੰਮ ਕਰਨ ਦਾ ਰੁਝਾਨ ਘੱਟਦਾ ਜਾ ਰਿਹਾ ਹੈ । ਪਰ ਮੇਰੇ ਵਿਚਾਰਾਂ ਨਾਲ ਇਹੋ ਜਿਹੀ ਸਕੀਮਾਂ ਨੂੰ ਚਲਾਉਣ ਨਾਲੋਂ ਸਾਨੂੰ ਲੋਕਾਂ ਨੂੰ ਕਾਰੋਬਾਰ ਦੇਣਾ ਚਾਹੀਦਾ ਹੈ । ਹਾਂ ! ਉਨ੍ਹਾਂ ਲੋਕਾਂ ਨੂੰ ਦਾਣਾ ਪਾਣੀ ਸਕੀਮ ਜ਼ਰੂਰ ਮਿਲਣੀ ਚਾਹੀਦੀ ਹੈ ਜੋ ਕਿ ਅਪਾਹਜ ਹਨ ਜਾਂ ਫਿਰ ਬਹੁਤ ਬਜ਼ੁਰਗ ਹਨ ਅਤੇ ਆਪਣਾ ਕੰਮ ਨਹੀਂ ਕਰ ਸਕਦੇ । ਸਾਨੂੰ ਦੇਖਣਾ ਚਾਹੀਦਾ ਹੈ ਕਿ ਸਰਕਾਰ ਸਾਨੂੰ ਕਿਸ ਤਰ੍ਹਾਂ ਦੀਆਂ ਸਕੀਮਾਂ ਮੁਹੱਈਆ ਕਰਵਾ ਰਹੀ ਹੈ । ਦੇਸ਼ ਦੀ ਤਰੱਕੀ ਦੀ ਜ਼ਿੰਮੇਵਾਰੀ ਹਰ ਨਾਗਰਿਕ ਦੇ ਹੱਥ ਹੈ । ਇਸ ਲਈ ਸਾਨੂੰ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਉਣਾ ਚਾਹੀਦਾ ।

# ਨਵਦੀਪ ਸਿੰਘ ਗਿੱਲ ਦੀ ਪੁਸਤਕ 'ਨੌਲੱਖਾ ਬਾਗ਼' ਦਾ ਡਾ: ਐੱਸ ਪੀ ਸਿੰਘ ਤੇ ਹੋਰ ਲੇਖਕਾਂ ਵੱਲੋਂ ਲੋਕ ਅਰਪਣ

**ਲੁਧਿਆਣਾ–** ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਪੰਜਾਬ ਲੋਕ ਵਿਰਾਸਤ ਅਕਾਡਮੀ ਵੱਲੋਂ ਜੀ ਜੀ ਐੱਨ ਖਾਲਸਾ ਕਾਲਿਜ ਲੁਧਿਆਣਾ ਵਿਖੇ ਕਰਵਾਏ ਸਮਾਗਮ ਵਿੱਚ ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਅਫਸਰ ਅਤੇ ਉੱਘੇ ਲੇਖਕ ਨਵਦੀਪ ਸਿੰਘ ਗਿੱਲ ਦੀ ਨਵੀਂ ਪੁਸਤਕ ' ਨੌਲੱਖਾ ਬਾਗ ਨੂੰ ਸਮਾਗਮ ਦੇ ਮੁੱਖ ਮਹਿਮਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ: ਐੱਸ ਪੀ ਸਿੰਘ, ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਪ੍ਰਸਿੱਧ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਤੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾਇਰੈਕਟਰ ਅਤੇ ਉਘੇ ਨਾਟਕਰਮੀ ਡਾ.ਨਿਰਮਲ ਜੌੜਾ ਨੇ ਲੋਕ ਅਰਪਨ ਕੀਤਾ।

ਸਮਾਰੋਹ ਦਾ ਸੰਚਾਲਨ ਕਰਦਿਆਂ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਗਿੱਲ ਨੇ ਦੱਸਿਆ ਕਿ ਨਵਦੀਪ ਸਿੰਘ ਗਿੱਲ ਦੀ ਇਹ ਚੌਥੀ ਪੁਸਤਕ ਹੈ। ਇਸ ਤੋਂ ਪਹਿਲਾ ਉਹ ਤਿੰਨ ਪੁਸਤਕਾਂ ਖੇਡਾਂ ਬਾਰੇ ਲਿਖ ਚੁਕਾ ਹੈ। ਜਿੰਨ੍ਹਾਂ ਦੇ ਨਾਮ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ', 'ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ' ਤੇ 'ਅੱਖੀਂ ਵੇਖੀਆਂ ਓਲੰਪਿਕ ਖੇਡਾਂ' ਸਨ।

ਡਾ: ਐੱਸ ਪੀ ਸਿੰਘ ਨੇ ਅਦਬੀ ਜਗਤ ਵਿੱਚ ਇਸ ਨਵੀਂ ਪੁਸਤਕ ਦਾ ਸਵਾਗਤ ਕਰਦਿਆਂ ਕਿਹਾ ਕਿ ਨਵਦੀਪ ਵੱਲੋਂ ਲਿਖੀ ਇਹ ਕਿਤਾਬ ਇਕ ਤਰ੍ਹਾਂ ਨਾਲ ਜੀਵਨੀ ਮੂਲਕ ਸੰਪੂਰਨ ਦਸਤਾਵੇਜ਼ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਲਾਹੇਵੰਦ ਹੋਵੇਗੀ। ਉਨ੍ਹਾਂ ਕਿਹਾ ਕਿ ਲੇਖਕ ਨੇ ਸਾਹਿਤ ਤੇ ਸੱਭਿਆਚਾਰ ਦੀਆਂ ਨੌਂ ਪ੍ਰਸਿੱਧੀਆਂ ਹਸਤੀਆਂ ਦੇ ਜੀਵਨੀ ਮੂਲਕ ਵੱਡੇ ਰੇਖਾ ਚਿੱਤਰ ਲਿਖ ਕੇ ਇਤਿਹਾਸ ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ।ਇਹ ਹਸਤੀਆਂ ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਜਗਦੇਵ ਸਿੰਘ ਜੱਸੋਵਾਲ, ਪ੍ਰੋ ਰਵਿੰਦਰ ਭੱਠਲ, ਪ੍ਰਿੰ ਸਰਵਣ ਸਿੰਘ, ਸਿੱਧੂ ਦਮਦਮੀ, ਗੁਰਭਜਨ ਗਿੱਲ, ਸ਼ਮਸ਼ੇਰ



ਸਿੰਘ ਸੰਧੂ ਤੇ ਡਾ ਨਿਰਮਲ ਜੌੜਾ ਹਨ ਜਿਨ੍ਹਾਂ ਬਾਰੇ ਲੇਖਕ ਨੇ ਪੁਸਤਕ ਵਿੱਚ ਵਿਸਥਾਰ ਵਿੱਚ ਲਿਖਿਆ ਹੈ ਅਤੇ ਇਨ੍ਹਾਂ ਬਾਰ ਪਾਠਕਾਂ ਨੂੰ ਪਹਿਲੀ ਵਾਰ ਨਵੀਂ ਤੇ ਰੌਚਕ ਜਾਣਕਾਰੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਨੌਂ ਵਿੱਚੋਂ ਤਿੰਨ ਓਮ ਪ੍ਰਕਾਸ਼ ਗਾਸੋ,ਸ਼ਮਸ਼ੇਰ ਸਿੰਘ ਸੰਧੂ ਤੇ ਗੁਰਭਜਨ ਗਿੱਲ ਮੇਰੇ ਮਾਣਮੱਤੇ ਵਿਦਿਆਰਥੀ ਰਹੇ ਹਨ। ਬਰਨਾਲਾ ਤੋਂ ਆਏ ਨਾਵਲਕਾਰ ਓਮ ਪ੍ਰਕਾਸ਼ ਗਾਸੋ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਸ਼ਬਦ ਸੱਭਿਆਚਾਰ ਨਾਲ ਜੋੜਨ ਦੀ ਲੋੜ ਹੈ ਅਤੇ ਨੌਜਵਾਨ ਲੇਖਕਾਂ ਵੱਲੋਂ ਪੁਸਤਕਾਂ ਲਿਖਣਾ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਲੇਖਕ ਦੇ ਪਰਿਵਾਰ ਨਾਲ ਆਪਣੇ ਪੁਰਾਣੇ ਸੰਬੰਧਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਵਦੀਪ ਨੂੰ ਪੜ੍ਹਨ-ਲਿਖਣ ਦੀ ਗੁੜ੍ਹਤੀ ਆਪਣੇ ਪਿਤਾ ਸ: ਸੁਰਜੀਤ ਸਿੰਘ ਗਿੱਲ ਤੋਂ ਮਿਲੀ ਹੈ।

ਟੋਰਂਟੋ ਵੱਸਦੇ ਉਘੇ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੇ ਕਿਹਾ ਕਿ ਉਸ ਨੂੰ ਮਾਣ ਹੈ ਕਿ ਨਵਦੀਪ ਗਿੱਲ ਖੇਡ ਲੇਖਣੀ ਵਿੱਚ ਉਸ ਦਾ ਵਾਰਸ ਹੈ। ਉਨ੍ਹਾਂ ਕਿਹਾ ਕਿ ਲੇਖਕ ਨੇ ਆਪਣੀ ਊਰਜਾ ਨੂੰ ਸਹੀ ਪਾਸੇ ਲਾਇਆ ਹੈ ਅਤੇ ਆਸ ਕਰਦੇ ਹਾਂ ਕਿ ਆਉਂਦੇ ਸਮੇਂ ਵਿੱਚ ਕਲਮ ਹੋਰ ਵੀ ਅੱਗੇ ਵਧੇਗੀ।

ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ ਰਵਿੰਦਰ ਭੱਠਲ ਨੇ ਲੇਖਕ ਆਪਣੇ ਅਧਿਆਪਕ-ਵਿਦਿਆਰਥੀ ਰਿਸ਼ਤੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਨਵਦੀਪ ਬਣਨਾ ਖਿਡਾਰੀ ਚਾਹੁੰਦਾ ਸੀ ਪਰ ਉਸ ਵਿੱਚ ਸਮਰੱਥਾ ਖੇਡ ਲਿਖਾਰੀ ਬਣਨ ਦੀ ਸੀ। ਉਨ੍ਹਾਂ ਕਿਹਾ ਕਿ ਕਾਲਜ ਦੇ ਦਿਨਾਂ ਤੋਂ ਹੀ ਉਸ ਦਾ ਲੇਖਣੀ ਵਿੱਚ ਰੁਝਾਨ ਸੀ ਜੋ ਹੁਣ ਜਾਨੂੰਨ ਵਿੱਚ ਬਦਲ ਗਿਆ।

ਡਾ ਨਿਰਮਲ ਜੌੜਾ ਨੇ ਕਿਹਾ ਕਿ ਨਵਦੀਪ ਨੇ ਨੌਂ ਸਖਸ਼ੀਅਤਾਂ ਨੂੰ ਇਕ ਮਾਲਾ ਵਿੱਚ ਪਰੋ ਕੇ ਸਾਰਿਆਂ ਨੂੰ ਸਦੀਵੀ ਇਕ-ਦੂਜੇ ਨਾਲ ਜੋੜ ਦਿੱਤਾ। ਲੁਧਿਆਣਾ ਦੇ ਡੀ ਪੀ ਆਰ ਓ ਪ੍ਰਭਦੀਪ ਸਿੰਘ ਨੱਥੋਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਵਿਭਾਗ ਲਈ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਸਾਥੀ ਨੇ ਸਾਹਿਤ ਖੇਤਰ ਵਿੱਚ ਨਵੀਂ ਪੁਲਾਂਘ ਪੁੱਟੀ ਹੈ। ਲੇਖਕ ਦੇ ਪਿਤਾ ਸੁਰਜੀਤ ਸਿੰਘ ਗਿੱਲ (ਸ਼ਹਿਣਾ)ਨੇ ਅੰਤ ਵਿੱਚ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋ ਵਾਈਸ ਚਾਂਸਲਰ ਡਾ ਪ੍ਰਿਥੀਪਾਲ ਸਿੰਘ ਕਪੂਰ, ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਬਾਨੀ ਚੇਅਰਮੈਨ ਗੁਰਚਰਨ ਸਿੰਘ ਸ਼ੇਰਗਿੱਲ, ਜੀ ਜੀ ਐਨ ਖਾਲਸਾ ਕਾਲਜ ਪ੍ਰਬੰਧਕੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸਤਬਿੰਦਰ ਸਿੰਘ ਗ ਸ ਨਲੂਆ, ਹਰਦੀਪ ਸਿੰਘ,ਤੇ ਪ੍ਰਿੰਸੀਪਲ ਅਰਵਿੰਦਰ ਸਿੰਘ ਭੱਲਾ, ਲੁਧਿਆਣਾ ਦੇ ਏ.ਡੀ.ਸੀ.ਪੀ.-4 ਪਿਰਥੀਪਾਲ ਸਿੰਘ ਹੇਅਰ, ਜਸਬੀਰ ਸਿੰਘ ਗਰੇਵਾਲ, ਤਹਿਸੀਲਦਾਰ (ਪੱਛਮੀ) ਡਾ ਅਜੀਤ ਪਾਲ ਸਿੰਘ ਚਾਹਲ, ਸੱਭਿਆਚਾਰਕ ਸੱਥ ਪੰਜਾਬ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਸੁਖਪਾਲ ਸਿੰਘ ਗਰੇਵਾਲ, ਮਨਜਿੰਦਰ ਸਿੰਘ ਧਨੋਆ, ਲੇਖਕ ਦੇ ਚਾਚਾ ਜੀ ਜਗਤਾਰ ਸਿੰਘ ਗਿੱਲ, ਏ ਪੀ ਆਰ ਓ ਪੁਨੀਤ ਪਾਲ ਸਿੰਘ ਗਿੱਲ, ਪ੍ਰਸਿੱਧ ਕਵੀ ਤ੍ਰੈਲੋਚਨ ਲੋਚੀ ਤੇ ਸਹਿਜਪ੍ਰੀਤ ਸਿੰਘ ਮਾਂਗਟ ਵੀ ਹਾਜ਼ਰ ਸਨ। ਇਸ ਮੌਕੇ ਲੋਕ ਵਿਰਾਸਤ ਅਕਾਡਮੀ ਤੇ ਕਾਲਿਜ ਪ੍ਰਬੰਧਕਾਂ ਵੱਲੋਂ ਗੁਰਭਜਨ ਗਿੱਲ, ਡਾ: ਐੱਸ ਪੀ ਸਿੰਘ, ਡਾ: ਅਰਵਿੰਦਰ ਸਿੰਘ ਭੱਲਾ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਨਵਦੀਪ ਸਿੰਘ ਗਿੱਲ ਨੂੰ ਸ਼ਹੀਦਾਂ ਦੇ ਚਿਤਰ, ਸਨਮਾਨ ਚਿੰਨ ਦੇ ਦੋਸ਼ਾਲੇ ਨਾਲਸਨਮਾਨਿਤ ਕੀਤਾ ਗਿਆ।

# L.A. MERCHANDISE

## Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ

Loose Fabrics, Groceries, Blankets, Vegetables






New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

## ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free

# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing



Prop: Jasbir Singh Takhar
510-755-2132

510- 733- 2222
1421 Industrial PKWY West#F Hayward, CA 94544

Harmandeep Singh

# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

# Chicago's Pizza with a Twist







Parvinder Dhesi



Kulwant Sandhu

1471 B St., Unit B, Livingston, CA 95334

# THINKING OF BUYING OR SELLING COMMERCIAL PROPERTIES IN CALIFORNIA? CALL US NOW !



BERKSHIRE HATHAWAY
HomeServices
Elite Real Estate
COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND



"$134,000 Indian Restaurant with beer and wine license"



"$599,900 High volume liquor store", "Gross $100k+/Month"



"$649,000 High Volume Liquor Store", "Gross $90k+/Month"



"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

SPEAK WITH A PROFESSIONAL REALTOR TODAY!

WE HAVE QUALIFIED BUYERS FOR GAS STATIONS AND LIQUOR STORES.

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828

ਜਿੱਥੇ ਜਿੱਥੇ ਖੂਨ ਬੇਦੋਸ਼ਿਆਂ ਦਾ ਡੁੱਲ੍ਹਦਾ ਹੈ, ਸਦੀਆਂ ਤੀਕਰ ਉਹ ਸਾਕਾ ਨਹੀਂ ਭੁੱਲਦਾ ਹੈ

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

## ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ

# 19ਵਾਂ ਮੇਲਾ ਗਦਰੀ ਬਾਬਿਆਂ ਦਾ

## 31 ਮਾਰਚ 2019 ਦਿਨ ਐਤਵਾਰ, 12 ਵਜੇ ਤੋਂ ਸ਼ਾਮ 6 ਵਜੇ ਤੱਕ

Central High School (East), Gymnasium 3535 N Cornelia Ave, Fresno, CA 93722

ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

Corner of Cornelia & Dakota

ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ



ਮੁੱਖ ਬੁਲਾਰੇ

ਡਾ. ਵਰਿਆਮ ਸਿੰਘ ਸੰਧੂ

## ਪ੍ਰੋਗਰਾਮ

* ਮੁੱਖ ਮਹਿਮਾਨ 'ਤੇ ਬੁਲਾਰੇ: ਡਾ. ਵਰਿਆਮ ਸਿੰਘ ਸੰਧੂ, ਸਾਬਕਾ ਪ੍ਰੋ. ਖਾਲਸਾ ਕਾਲਜ ਜਲੰਧਰ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ ਅਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* 4.0 ਜੀ.ਪੀ.ਏ. ਗਰੇਡ ਵਾਲੇ ਹਾਈ ਸਕੂਲ ਦੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com



ਮੰਚ ਸੰਚਾਲਿਕਾ ਆਸ਼ਾ ਸ਼ਰਮਾ



ਜੀਤਾ ਗਿੱਲ



ਰਜਿੰਦਰ ਸਿੰਘ (ਰਾਜ ਬਰਾੜ)



ਹਰਜੀਤ ਸ਼ੇਰਗਿੱਲ










## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਮਨਵੀਰ ਸਿੰਘ ਭੁੱਲਰ, ਜੱਸੀ ਰਾਏ, ਸੁਰਿੰਦਰ ਸਿੰਘ ਬਿੰਦ, ਸੋਹਣ ਸਿੰਘ ਮੱਲੀ, ਹਰਮਨ ਸਿੰਘ ਗਿੱਲ, ਅਮਨਦੀਪ ਸਿੰਘ, ਮਨੂਵੀਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਮਾਸਟਰ ਸ਼ਮਸ਼ੇਰ ਸਿੰਘ, ਸੱਖੀ ਹੇਅਰ।

## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਂਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ.ਬੀ.ਟੀ.ਆਈ, ਗਿੱਲ ਇੰਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਐੱਸ.ਪੀ. ਸਕਿਊਰਿਟੀ (ਦਲਜੀਤ ਰਿਆੜ), ਸਿੱਖ ਨਾਮਧਾਰੀ ਸੋਸਾਇਟੀ, ਕ੍ਰਿਪਾਲ ਸਹੋਤਾ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਐੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ.ਐਮ.ਟਰੱਕਿੰਗ (ਗੁਰਪਾਲ ਰੰਧਾਵਾ), ਸ਼ੌਪ ਐਂਡ ਗੈਸ, ਏ ਐਂਡ ਪੀ ਟਰੱਕਿੰਗ, ਬੀ.ਡੀ. ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਝਰ ਫਾਰਮ, ਸੰਘਾ ਕੈਰੀਅਰ, ਐੱਸ.ਪੀ. ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪ੍ਰਾਪਰਟੀਜ਼, ਤਰਲੋਕ ਸਿੰਘ, ਨਿਰਮਲ ਸਿੰਘ, ਐੱਸ.ਐਮ.ਬ੍ਰਦਰਜ਼ (ਕੈਸ਼ ਐਂਡ ਕੈਰੀ), ਪਾਲ ਕੈਲੇ, ਮਨਧੀਰ ਸਿੰਘ ਤੂੰਗ, ਸ਼ਿਵਰਾਜ ਪਨੂੰ, ਸੁਖਜਿੰਦਰ ਬੋਲਾ, ਗੁਰਦੇਵ ਸਿੰਘ ਭੰਗੂ, ਏ ਐਮ ਪੀ ਟਰੱਕਿੰਗ, ਇੰਨਟਰੇਡ ਇੰਡਸਟਰੀ, ਬੀ ਐਂਡ ਬੀ ਟਰਾਂਸਪੋਰਟ, ਢਿਲੋਂ ਬਰਦਰਜ਼, ਕੈਲ ਈਗਲ ਟਰਾਂਸ।

## ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ

## ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ

Design By: hayermedia

| ਗੁਰਦੀਪ ਸਿੰਘ ਗਿੱਲ | ਨਵਦੀਪ ਸਿੰਘ ਧਾਲੀਵਲ | ਸੁਰਿੰਦਰ ਮੰਢਾਲੀ | ਜਸਵੰਤ ਸਿੰਘ ਮਾਨ | ਕੁਲਵੀਰ ਸਿੰਘ ਹੇਅਰ |
|---|---|---|---|---|
| ਪ੍ਰਧਾਨ | ਵਾਈਸ ਪ੍ਰਧਾਨ | ਸੈਕਰੇਟਰੀ | ਖਜਾਨਚੀ | (ਮੀਡੀਆ ਸਕੱਤਰ) |
| (559) 360-4248 | (559) 287-0822 | (559) 473-9269 | | 559-239-5000 |